





ਮਿਤੀ 4-9-2024 ਨੂੰ ਪਟਿਆਲਾ ਵਿਖੇ ਡਾ. ਸਤੀਸ਼ ਕੁਮਾਰ ਵਰਮਾ ਖੋਜ ਪਰਿਵਾਰ ਦੀ ਮਿਲਣੀ ਦੌਰਾਨ ਡਾ. ਗੁਰਜੀਤ ਕੌਰ ਗੁਰੀ ਹਾਜ਼ਰੀਨ ਨੂੰ ਸੰਬੋਧਨ ਕਰਦੇ ਹੋਏ।


satwinderbegowalia.me

ਪੰਜਾਬ ਕਲਾ ਮੰਚ ਦਾ ਤ੍ਰੈ-ਮਾਸਿਕ

# ਰੂਹ ਪੰਜਾਬੀ

ਸਹਿਯੋਗ 40/-

ਅਕਤੂਬਰ-ਦਸੰਬਰ 2024 33



ਭਾਰਤ ਦੇ ਅਰਥ
ਕਿਸੇ ਦੁਸ਼ਯੰਤ ਨਾਲ ਸਬੰਧਤ ਨਹੀਂ।
ਸਗੋਂ ਖੇਤਾਂ ਵਿੱਚ ਦਾਇਰ ਹਨ।
ਜਿੱਥੇ ਅੰਨ ਉੱਗਦਾ ਹੈ
ਜਿੱਥੇ ਸੰਨ੍ਹਾਂ ਲੱਗਦੀਆਂ ਹਨ....

-ਪਾਸ਼









ਪ੍ਰੋ. ਸਤਵਿੰਦਰ ਬੇਗੋਵਾਲੀਆ ਦੀ ਸਤਵੀਂ ਪੁਸਤਕ 'ਆਰ ਕਿ ਪਾਰ' ਨੂੰ ਰਿਲੀਜ ਕਰਦੇ ਹੋਏ
ਅਦਾਰਾ ਰੂਹ ਪੰਜਾਬੀ ਦੇ ਮੈਂਬਰ ਸਾਹਿਬਾਨ




ਪ੍ਰੋ. ਸਤਵਿੰਦਰ ਬੇਗੋਵਾਲੀਆ
ਮੁੱਖ ਸੰਪਾਦਕ
98154-65620

ਸਰਪ੍ਰਸਤ



ਸੁਖਮਿੰਦਰ ਸੇਖੋਂ
98145-07693



ਡਾ. ਕਰਮਜੀਤ ਸਿੰਘ ਨਡਾਲਾ
98151-86532

ਕੋਆਰਡੀਨੇਟਰ



ਲਖਵਿੰਦਰ ਸਿੰਘ ਘੁੰਮਣ



ਨਿਸ਼ਾਨ ਸਿੰਘ USA

ਪ੍ਰਬੰਧਕੀ ਕਮੇਟੀ



ਮਾਸਟਰ ਨਿਸ਼ਾਨ ਸਿੰਘ



ਨਵਜੋਤ ਸਿੰਘ USA


## ਇਸ ਅੰਕ ਦੇ ਲੇਖਕ


**ਸੰਪਾਦਕੀ**
ਪ੍ਰੋ. ਸਤਵਿੰਦਰ ਬੇਗੋਵਾਲੀਆ

**ਕਹਾਣੀ**
ਪ੍ਰੋ. ਸਤਵਿੰਦਰ ਬੇਗੋਵਾਲੀਆ, ਭੁਪਿੰਦਰ ਉਸਤਾਦ

**ਨਾਟਕ**
ਸੁਖਮਿੰਦਰ ਸੇਖੋਂ

**ਨਿਬੰਧ**
ਰਾਜਿੰਦਰ ਵਰਮਾ, ਡਾ. ਬਲਕਰਨ ਸਿੰਘ ਭਾਗਸਰੀਆ

**ਕਾਵਿ ਸੰਸਾਰ**
ਪ੍ਰੋ. ਕੁਲਵੰਤ ਔਜਲਾ, ਸੁਖਦੇਵ ਸਿੱਧੂ, ਸੁਰਿੰਦਰ ਮਕਸੂਦਪੁਰੀ,
ਸੰਧੂ ਵਰਿਆਣਵੀ, ਲਖਵਿੰਦਰ ਘੁੰਮਣ

**ਗ਼ਜ਼ਲ ਸੱਥ**
ਪ੍ਰੋ. ਜਸਵੰਤ ਸਿੰਘ ਕੈਲਵੀ, ਪ੍ਰਤਾਪ ਪਾਰਸ ਗੁਰਦਾਸਪੁਰੀ,
ਸੁਰਜੀਤ ਦੇਵਲ, ਭੁਪਿੰਦਰ ਸੰਧੂ, ਸੁਖਵਿੰਦਰ ਸਿੰਘ ਲੋਟੇ

**ਗੀਤਾਂ ਦੀ ਗੂੰਜ**
ਸਰਦਾਰ ਪੰਛੀ, ਜਗਜੀਤ ਸਿੰਘ ਗੁਰਮ, ਸੁਰਜੀਤ ਦੇਵਲ,
ਲਖਵਿੰਦਰ ਘੁੰਮਣ, ਜਸਵੰਤ ਸਿੰਘ ਕੈਲਵੀ

**ਸਮੀਖਿਆ**
ਆਰ ਕਿ ਪਾਰ (ਨਾਟਕ)

**ਰਿਪੋਰਟ**
ਡਾ. ਸਤੀਸ਼ ਕੁਮਾਰ ਵਰਮਾ ਖੋਜ ਪਰਿਵਾਰ ਦੀ ਮਿਲਣੀ



ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਲੇਖਕ ਆਪਣੀ ਰਚਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ।
ਸੰਪਾਦਕੀ ਮੰਡਲ ਦੇ ਸਾਰੇ ਵਿਅਕਤੀ ਆਨਰੇਰੀ ਤੌਰ 'ਤੇ ਕੰਮ ਕਰਦੇ ਹਨ।


ਵਾਲੀਆ ਪ੍ਰਿੰਟਰ ਤੋਂ ਛਪਵਾ ਕੇ ਦਫ਼ਤਰ ਰੂਹ ਪੰਜਾਬੀ ਜਲੰਧਰ ਤੋਂ ਜਾਰੀ ਕੀਤਾ।



ਰਚਨਾਵਾਂ ਭੇਜਣ ਲਈ ਪਤਾ
Email : satwinderbegowal@gmail.com

ਆਮ ਡਾਕ ਬੇਗੋਵਾਲ (ਕਪੂਰਥਲਾ) ਵਿਖੇ ਮਿਲਦੀ ਨਹੀਂ। ਸੋ ਲੇਖਕ ਸਾਹਿਬਾਨ ਸਾਫ਼ ਲਿਖਾਈ
ਜਾਂ ਟਾਈਪ ਕਰਵਾ ਕੇ ਰਜਿਸਟਰਡ ਪਾਰਸਲ ਰਾਹੀਂ ਹੇਠ ਲਿਖੇ ਪਤੇ 'ਤੇ ਭੇਜਣ :
ਪ੍ਰੋ. ਸਤਵਿੰਦਰ ਬੇਗੋਵਾਲੀਆ, ਟਾਂਡਾ ਰੋਡ, ਵਾਰਡ ਨੰ. 2
ਪਿੰਡ ਤੇ ਡਾ. ਬੇਗੋਵਾਲ-144621, ਜ਼ਿਲ੍ਹਾ ਕਪੂਰਥਲਾ

ਲੇਖਕ ਆਪਣੀਆਂ ਰਚਨਾਵਾਂ 98154-65620 ਤੇ ਵਟਸਐਪ (ਟਾਈਪ) ਕਰ ਸਕਦੇ ਹਨ।

ਜ਼ਰੂਰੀ ਨੋਟ : ਲੇਖਕ ਇੱਕ ਸਫ਼ੇ ਤੇ ਇੱਕ ਰਚਨਾ ਹੀ ਲਿਖਣ। ਵੱਖਰੀ ਰਚਨਾ ਲਈ ਅਲੱਗ ਸਫ਼ਾ ਵਰਤਿਆ ਜਾਵੇ। ਪੇਪਰ ਦੇ ਇੱਕ ਪਾਸ (one sided) ਹੀ ਲਿਖਿਆ ਜਾਵੇ।

*ਸੰਪਾਦਕੀ*

# ਪਾਸ਼ ਨਾਲ ਬਿਤਾਏ ਕੁਝ ਪਲ



1978-79 ਦੀ ਗੱਲ ਹੈ ਕਿ ਸਰਕਾਰੀ ਕਾਲਜ ਕਪੂਰਥਲਾ ਵਿਖੇ ਬੀ.ਏ., ਭਾਗ ਪਹਿਲਾ ਦਾ ਵਿਦਿਆਰਥੀ ਸਾਂ। ਇਕ ਦਿਨ ਕਪੂਰਥਲਾ ਦੇ ਸਧਾਰਨ ਜਿਹੇ ਬੱਸ ਸਟੈਂਡ 'ਤੇ ਟਾਂਡੇ ਜਾਣ ਵਾਲੀ ਬੱਸ ਦੀ ਇੰਤਜ਼ਾਰ ਕਰ ਰਿਹਾ ਸੀ। ਨੇੜੇ ਹੀ 25-30 ਸਾਲ ਦੀ ਉਮਰ ਦਾ ਨੌਜਵਾਨ ਗੱਲ ਵਿਚ ਝੋਲਾ (ਬਸਤਾ) ਲਟਕਾਈ ਖੜ੍ਹਾ ਸੋਚਾਂ ਵਿੱਚ ਸੀ, ਸਿਰੋਂ ਮੋਨਾ ਸੀ। ਮੇਰੇ ਇੱਕ ਜਮਾਤੀ ਨੇ ਦੱਸਿਆ ਕਿ ਇਹ ਝੋਲੇ ਵਾਲਾ ਬਹੁਤ ਵੱਡਾ ਕਵੀ ਹੈ, ਇਸ ਦੀ ਕਵਿਤਾ ਦੀ ਕਿਤਾਬ ਦਿੱਲੀ ਯੂਨੀਵਰਸਿਟੀ ਵਿੱਚ ਲੱਗੀ ਹੈ। ਮੈਂ ਹੈਰਾਨ ਹੋ ਗਿਆ ਅਤੇ ਉਸ ਨੌਜਵਾਨ ਦਾ ਨਾਂ ਪੁੱਛਿਆ ਤਾਂ ਮੇਰੇ ਜਮਾਤੀ ਨੇ ਦੱਸਿਆ ਕਿ ਇਹ ਪਾਸ਼ ਨਾਂ ਦਾ ਬੰਦਾ ਮੇਰੇ ਪਿੰਡ ਤਲਵੰਡੀ ਸਲੇਮ (ਜਲੰਧਰ) ਦਾ ਵਸਨੀਕ ਹੈ। ਉਸ ਤੋਂ ਬਾਅਦ ਪਾਸ਼ ਨੂੰ ਕਈ ਵਾਰ ਬੱਸ ਅੱਡੇ 'ਤੇ ਵੇਖਿਆ ਪਰ ਗੱਲ ਕਰਨ ਦੀ ਹਿੰਮਤ ਨਾ ਪਈ। ਮੈਂ ਉਸ ਸਮੇਂ ਛੋਟੇ ਮੋਟੇ ਗੀਤ ਜਾਂ ਸਕਿੱਟਾਂ ਲਿਖਿਆ ਕਰਦਾ ਸੀ। ਆਜ਼ਾਦੀ ਦਿਵਸ ਮੌਕੇ ਮੈਂ ਗੀਤ ਲਿਖਿਆ ਸੀ - 'ਵੀਰ ਸ਼ਹੀਦੋ ਮੇਰਾ ਸਲਾਮ'। ਇੱਕ ਦਿਨ ਬੱਸ ਅੱਡੇ 'ਤੇ ਪਾਸ਼ ਨੂੰ ਸਤਿ ਸ੍ਰੀ ਅਕਾਲ ਕਹਿ ਕੇ ਆਪਣੀ ਜਾਣ ਪਹਿਚਾਣ ਕਰਵਾਈ ਅਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਮੈਂ ਇੱਕ ਵੱਡੇ ਕਵੀ ਨਾਲ ਗੱਲ ਕਰ ਰਿਹਾ ਹਾਂ। ਆਪਣਾ ਲਿਖਿਆ ਹੋਇਆ ਗੀਤ ਵਿਖਾਉਣ ਦੀ ਬੇਨਤੀ ਕੀਤੀ ਤਾਂ ਪਾਸ਼ ਨੇ ਮੁਸਕਰਾ ਕੇ ਹਾਂ ਕਰ ਦਿੱਤੀ। ਮੈਂ ਉਹਨਾਂ ਨੂੰ ਚਾਹ ਵਾਲੀ ਵੱਡੀ ਦੁਕਾਨ 'ਤੇ ਲੈ ਗਿਆ। ਦੁਕਾਨਦਾਰ ਨੂੰ ਸਮੋਸਿਆਂ ਦਾ ਅਤੇ ਚਾਹ ਦਾ ਆਰਡਰ ਦੇ ਦਿੱਤਾ। ਉਹਨਾਂ ਸਮਿਆਂ ਵਿੱਚ ਦੁਕਾਨਦਾਰ ਖੁਲ੍ਹੇ ਦਿਲ ਵਾਲੇ ਸਨ, ਉਹਨਾਂ ਕਦੇ ਨਹੀਂ ਸੋਚਿਆ ਸੀ ਕਿ ਗਾਹਕ ਖਾ ਪੀ ਕੇ ਸੀਟ ਛੱਡੇ। ਪਾਸ਼ ਦੇ ਕਹਿਣ ਤੇ ਮੈਂ ਆਪਣਾ ਗੀਤ ਗਾ ਕੇ ਸੁਨਾਉਣਾ ਸ਼ੁਰੂ ਕਰ ਦਿੱਤਾ।

ਗੂੜ੍ਹੀ ਨੀਂਦੇ ਸੁੱਤਾ ਦੇਸ਼, ਤੁਸਾਂ ਨੇ ਜਗਾਇਆ ਸੀ।
ਸਾਡੇ ਹੱਕ ਇਥੇ ਰੱਖ, ਇਹ ਪਾਠ ਪੜ੍ਹਾਇਆ ਸੀ।



ਮੁਰਦਾ ਰੂਹਾਂ 'ਚ ਪਾਈ, ਇੱਕ ਨਵੀਂ ਜਾਨ
ਵੀਰੋ ਸ਼ਹੀਦੋ, ਮੇਰਾ ਸਲਾਮ।

ਇੰਨਾ ਸੁਣਦੇ ਹੀ ਪਾਸ਼ ਨੇ ਮੈਨੂੰ ਹਿੱਕ ਨਾਲ ਲਾ ਲਿਆ। ਮੇਰੀ ਹੌਂਸਲਾ ਅਫਜਾਈ ਕੀਤੀ ਤਾਂ ਮੇਰਾ ਚਿਹਰਾ ਲਾਲ ਹੋ ਗਿਆ। ਸਮੋਸੇ ਅਤੇ ਚਾਹ ਆਦਿ ਨਿਬੜੇ ਕੇ ਪਾਸ਼ ਨੇ ਮੈਨੂੰ ਆਪਣੀ ਪਸੰਦ ਦੇ ਕਵੀਆਂ ਦੇ ਨਾਂ ਪੁੱਛੇ ਤਾਂ ਮੈਂ ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਬਟਾਲਵੀ ਅਤੇ ਪ੍ਰੋ. ਮੋਹਨ ਸਿੰਘ ਦਾ ਨਾਂ ਲਿਆ। ਪਾਸ਼ ਤੋਂ ਉਹਨਾਂ ਦੀ ਰਚਿਤ ਪੁਸਤਕ ਦੀ ਮੰਗ ਕੀਤੀ ਤਾਂ ਪਾਸ਼ ਨੇ ਆਪਣੇ ਝੋਲੇ ਵਿੱਚੋਂ ਪੁਸਤਕ 'ਉਡਦੇ ਬਾਜ਼ਾਂ ਮਗਰ' ਕੱਢ ਕੇ ਮੇਰੇ ਹਵਾਲੇ ਕਰ ਦਿੱਤੀ। ਪਾਸ਼ ਦੇ ਨਾਂਹ ਨਾਂਹ ਕਰਨ ਦੇ ਬਾਵਜੂਦ ਵੀ ਕਿਤਾਬ ਦੀ ਰਕਮ ਦੇ ਦਿੱਤੀ, ਇਸ ਰਕਮ ਵਿੱਚੋਂ ਪਾਸ਼ ਨੇ ਚਾਹ ਅਤੇ ਸਮੋਸਿਆਂ ਦਾ ਬਿੱਲ ਘੱਟ ਕਰ ਦਿੱਤਾ। ਗੱਲਾਂ ਗੱਲਾਂ 'ਚ ਪਤਾ ਚੱਲਿਆ ਕਿ ਪਾਸ਼ ਉਸ ਸਮੇਂ ਕਪੂਰਥਲਾ ਦੇ ਨਜ਼ਦੀਕ ਜਨਤਾ ਕਾਲਜ ਸ਼ੇਖੂਪੁਰ ਵਿਖੇ ਜੇ.ਬੀ.ਟੀ. ਕਰ ਰਿਹਾ ਸੀ। ਪਾਸ਼ ਨੇ ਮੈਨੂੰ ਆਪਣੀ ਕਿਤਾਬ ਪੜ੍ਹਨ ਲਈ ਕਿਹਾ। ਮੈਂ ਕਿਹਾ, "ਭਾਅ ਜੀ, ਪੂਰੇ ਚਾਅ ਨਾਲ ਪੜ੍ਹਾਂਗਾ।" ਫਿਰ ਅਸੀਂ ਆਪੋ ਆਪਣੀਆਂ ਬੱਸਾਂ ਤਲਾਸ਼ਣ ਲੱਗੇ।

ਪਾਸ਼ ਦੀ ਕਵਿਤਾ ਪੜ੍ਹਨ ਉਪਰੰਤ ਮਹਿਸੂਸ ਹੋਇਆ ਕਿ ਮੇਰੇ ਪਹਿਲੇ ਮਨ ਪਸੰਦ ਪੰਜਾਬੀ ਕਵੀ ਕੋਈ ਖ਼ਾਸ ਨਹੀਂ। ਜ਼ਿੰਦਗੀ ਵਿੱਚ ਪਹਿਲੀ ਵਾਰ ਕਵਿਤਾ ਪੜ੍ਹੀ ਜਿਸ ਵਿੱਚ ਕਿਰਤੀਆਂ ਦੀ ਗ਼ਰੀਬੀ, ਲਾਚਾਰੀ, ਦੁਸ਼ਵਾਰੀ, ਮਜਬੂਰੀ ਅਤੇ ਤਕਲੀਫ਼ ਨੂੰ ਅਲੱਗ ਕਿਸਮ ਦੇ ਮੁਹਾਵਰੇ ਵਿੱਚ ਪੇਸ਼ ਕੀਤਾ ਗਿਆ। ਅਜਿਹਾ ਅਹਿਸਾਸ ਇੱਕ ਵਾਰ ਫਿਰ ਚਾਹ ਦੀ ਦੁਕਾਨ 'ਤੇ ਪਾਸ਼ ਨਾਲ ਸਾਂਝਾ ਕੀਤਾ। ਉਸ ਸਮੇਂ ਦੇ ਸੀਮਤ ਚਿੰਤਨ ਤੋਂ ਪਾਸ਼ ਸੰਤੁਸ਼ਟ ਸੀ। ਗੱਲਾਂ ਗੱਲਾਂ 'ਚ ਮੈਂ ਕਿਹਾ ਕਿ ਜਲੰਧਰ ਦੇ ਕੰਪਨੀ ਬਾਗ 'ਚ ਪੀ.ਐਸ.ਯੂ ਦੀ ਇਕੱਤਰਤਾ ਓਪਰੀ ਜਿਹੀ ਜਾਪੀ। ਪਾਸ਼ ਨੇ ਹੈਰਾਨ ਹੁੰਦੇ ਕਾਰਨ ਪੁੱਛਿਆ। ਮੈਂ ਕਿਹਾ, "ਮੈਨੂੰ ਬੁਲਾਰਿਆਂ ਦੇ ਭਾਸ਼ਣਾਂ ਵਿੱਚ ਪੂੰਜੀਵਾਦ, ਸਰਮਾਏਦਾਰੀ, ਨਿਜ਼ਾਮ, ਬੁਰਜੂਆ ਜਮਾਤ, ਤਸ਼ੱਦਦ , ਇਜਲਾਸ, ਕਾਰਪੋਰੇਟ, ਸੰਘਰਸ਼, ਇਨਕਲਾਬ ਆਦਿ ਸ਼ਬਦ ਓਪਰੇ ਜਿਹੇ ਜਾਪੇ। ਅਸੀਂ ਸਤਿ ਸ੍ਰੀ ਅਕਾਲ ਦੀ ਥਾਂ ਲਾਲ ਸਲਾਮ ਤੋਂ ਕਹਿਣੋਂ ਰਹੇ।" ਸੁਣ ਕੇ ਪਾਸ਼ ਉਚੀ ਜਿਹੀ ਹਾਸਾ ਹੱਸਿਆ। ਹਾਸੇ ਵਿੱਚ ਪਾਸ਼ ਨੇ ਕਿਹਾ ਕਿ ਆਹ ਚਾਹ ਅਤੇ ਵੇਸਣ ਤਾਂ ਓਪਰੇ ਨਹੀਂ ਜਾਪਦੇ। "ਇਹ ਤਾਂ ਆਪਣੇ ਜਾਪਦੇ ਨੇ ਚਾਹ ਤੇ ਵੇਸਣ।" ਸੁਣ ਕੇ ਦੁਕਾਨਦਾਰ ਵੀ ਹੱਸ ਪਿਆ।

"ਭਾਅ ਜੀ ਬਾਬੇ ਨਾਨਕ ਬਾਰੇ ਕੀ ਵਿਚਾਰ ਏ ਤੁਹਾਡਾ?" ਸੁਣ ਕੇ ਪਾਸ਼ ਗੰਭੀਰ ਹੋ ਗਿਆ ਅਤੇ ਇੰਨਾ ਹੀ ਕਿਹਾ, "ਬਾਬਾ ਨਾਨਕ ਕਿਰਤੀਆਂ ਦਾ ਸਾਥੀ ਪਰ..... ਲੋਕਾਂ ਸਮਝਿਆ ਨਹੀਂ ਬਾਬੇ ਨੂੰ।"

ਪਾਸ਼ ਨੇ ਜੇ.ਬੀ.ਟੀ. ਕਰ ਲਈ ਅਤੇ ਤਲਵੰਡੀ ਸਲੇਮ ਰਹਿਣ ਲੱਗਾ। ਮੈਂ ਅਗਲੇ ਚਾਰ ਪੰਜ ਸਾਲ ਆਪਣੀ ਪੜ੍ਹਾਈ 'ਚ ਲੀਨ ਹੋ ਗਿਆ। ਵਿਸ਼ੇਸ਼ ਕਰ ਕੇ ਮੈਥ (ਗਣਿਤ) ਨੇ ਮੈਨੂੰ ਆਪਣੀ ਜਕੜ 'ਚ ਲੈ ਲਿਆ। ਮੈਂ ਸਰਕਾਰੀ ਨੌਕਰੀ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਿਲਵਾਂ (ਕਪੂਰਥਲਾ) ਵਿਖੇ ਡਿਊਟੀ ਸੰਭਾਲ ਲਈ। ਉਥੇ ਪ੍ਰਗਤੀਵਾਦੀ ਕਵੀ ਹਰਭਜਨ ਸਿੰਘ ਹੁੰਦਲ ਵੀ ਪੰਜਾਬੀ ਲੈਕਚਰਾਰ ਦੀ ਪੋਸਟ ਤੇ ਤਾਇਨਾਤ ਸਨ, ਉਹਨਾਂ ਦੀ ਕਵਿਤਾ ਵੀ ਪੜ੍ਹੀ। ਪਰ ਇਹ ਕਵਿਤਾ ਪਾਸ਼ ਦੀ ਕਵਿਤਾ ਦੇ ਹਾਣ ਦੀ ਨਹੀਂ ਸੀ। ਉਥੇ ਹੀ ਸਵੇਰ ਦੀ ਸਭਾ ਵਿੱਚ ਇਕ ਵਾਰ ਮੈਂ ਪਾਸ਼ ਦੀ ਕਵਿਤਾ ਬਾਰੇ ਕੁਝ ਸ਼ਬਦ ਸਾਂਝੇ ਕੀਤੇ ਅਤੇ ਇਹ ਸਤਰਾਂ ਵੀ :

ਮੇਰੇ ਤੋਂ ਇਹ ਆਸ ਨਾ ਕਰਿਓ
ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗ਼ਲੇ ਜਿਹੇ ਸਵਾਦਾਂ ਦੀ ਗੱਲ ਕਰਾਂਗਾ।
ਜਿਹਨਾਂ ਦੇ ਹੜ੍ਹ 'ਚ ਰੁੜ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਜਿਹੀ ਕਵਾਤ
ਤੇ ਧੀਆਂ ਦਾ ਕੰਜਕ ਜਿਹਾ ਹਾਸਾ।(ਪਾਸ਼)

1990 ਵਿਆਂ ਦੇ ਦੌਰ ਵਿੱਚ ਸਿੱਖਿਆ ਵਿਭਾਗ ਦੇ ਨਾਟਕ ਮੁਕਾਬਲਿਆਂ ਵਾਸਤੇ ਮੈਂ ਨਾਟਕ ਮੰਚਨ ਕਰਨ ਦੇ ਨਾਲ ਨਾਲ ਖੁਦ ਨਾਟ-ਰਚਨਾ ਕਰਨੀ ਸ਼ੁਰੂ ਕਰ ਦਿੱਤੀ। ਪਰ ਉਦੋਂ ਤੱਕ ਪਾਸ਼ ਜਾ ਚੁੱਕਾ ਸੀ, ਪਰ ਉਸ ਦੇ ਤਿੰਨ ਕਾਵਿ ਸੰਗ੍ਰਹਿਾਂ ਮੂਹਰੇ ਕਈ ਕਵੀਆਂ ਦੀਆਂ 15-15 ਕਾਵਿ- ਪੁਸਤਕਾਂ ਬੌਣੀਆਂ ਜਿਹੀਆਂ ਹੋ ਜਾਂਦੀਆਂ ਹਨ। ਅਜਿਹੇ ਕਵੀਆਂ ਨੂੰ ਪਾਸ਼ ਦੀ ਕਵਿਤਾ ਦਾ ਪਾਠ ਕਰਨਾ ਚਾਹੀਦਾ ਹੈ।

**-ਸਤਵਿੰਦਰ ਬੇਗੋਵਾਲੀਆ**

◆◆◆



# ਕਹਾਣੀ

## ਪੱਥਰ

**ਸਤਵਿੰਦਰ ਬੇਗੋਵਾਲੀਆ**

"ਮੈਨੂੰ ਇਨਸਾਫ਼ ਦਿਵਾਓ, ਗ਼ਲਤ ਨੂੰ ਗ਼ਲਤ ਕਹੋ, ਠੀਕ ਨੂੰ ਠੀਕ। ਤੁਸੀਂ ਸਭ ਸੁਸਰੀ ਵਾਂਗ ਸੌਂ ਗਏ ਹੋ। ਪ੍ਰੋ. ਮੇਰਾ ਤਮਾਸ਼ਾ ਵੇਖਦੇ ਪਏ ਹੋ ਤਮਾਸ਼ਾ। ਅੱਜ ਮੇਰੇ 'ਤੇ ਪਈ ਏ ਕਲ੍ਹ ਨੂੰ ਤੁਹਾਡੇ 'ਤੇ ਹਨ੍ਹੇਰੀ ਝੂਲੇਗੀ। ਜੇ ਮੈਨੂੰ ਕੁੱਝ ਹੋ ਗਿਐ ਤਾਂ ਜ਼ਿੰਮੇਵਾਰ ਹੋਣਗੇ ਮੇਰੇ ਸ਼ਰੀਕੇ ਵਾਲੇ, ਨਾਲ ਹੋਏਗਾ ਮੀਸਣਾ ਸਹੁਰਾ ਤੇ ਮੀਨੀ ਸੱਸ। ਸਭ.... ਟੰਗੇ ਜਾਣਗੇ, ਮੈਂ ਵੀ ਠਾਣੇਦਾਰ ਧੀ ਹਾਂ।"



ਦਸ ਸਾਲ ਵਿਆਹੀ ਨੂੰ ਹੋ ਗਏ ਸਨ ਬੰਟੀ ਨੂੰ। ਲੋਕਾਂ ਨੇ ਮੁੱਦਤ ਬਾਅਦ ਉਸਨੂੰ ਚੀਖਦੇ ਹੋਏ ਵੇਖਿਆ ਸੀ ਉਸ ਦੇ ਘਰ ਦੇ ਵਿਹੜੇ ਵਿੱਚ। ਘਰ ਦਾ ਗੇਟ ਖੁੱਲ੍ਹਾ ਸੀ, ਵੇਖਣ ਵਾਲਿਆਂ ਵਿੱਚੋਂ ਇੱਕ ਨੇ ਕਿਹਾ, "ਮੀਆਂ ਬੀਵੀ 'ਚ ਇੱਟ ਖੜਿੱਕਾ ਚੱਲਿਆ ਜਾਪਦੈ। ਇਹਦਾ ਬੰਦਾ ਅੱਜ ਕਲ੍ਹ ਕਲੱਬਾਂ 'ਚ ਜਾਂਦੈ, ਅੱਧੀ ਰਾਤ ਤੋਂ ਪਹਿਲਾਂ ਘਰ ਨਹੀਂ ਆਉਂਦਾ। ਦਿਨੇ ਸਾਰਾ ਦਿਨ ਦੁਕਾਨ ਤੇ, ਸ਼ਾਮ ਪੈਂਦੇ ਹੀ ਦਾਰੂ ਦੀ ਬੋਤਲ ਦੁਆਲੇ ਚਾਰ ਪੰਜ ਜਣੇ ਰੈਸਟੋਰੈਂਟ 'ਚ ਗੇੜੇ ਤੇ ਗੇੜਾ ਦਿੰਦੇ ਨੇ... ਇਹਦੇ ਸੱਸ ਸਹੁਰੇ ਨੂੰ ਚਾਹੀਦੈ ਕਿ ਆਪਣੇ ਮੁੰਡੇ ਨੂੰ ਨੱਥ ਪਾਉਣ।"

"ਕਲ ਤੱਕ ਤਾਂ ਇਹ ਜਨਾਨੀ ਬੰਦੇ ਨੂੰ ਬੰਦਾ ਨਹੀਂ ਸੀ ਸਮਝਦੀ, ਸਤਵੇਂ ਅਸਮਾਨ 'ਚ ਸਨ ਇਹਦੀਆਂ ਹਵਾਵਾਂ। ਮੈਂ ਇਹਨੂੰ ਇੱਕ ਵਾਰ ਭਾਬੀ ਕਹਿ ਬੈਠਾ, ਭੂੰਡਾਂ ਦੀ ਫੌਜ ਵਾਂਗ ਮੇਰੇ 'ਤੇ ਹਮਲਾ ਕਰ ਦਿੱਤਾ। ਕਹਿੰਦੀ ਕਿਹੜੇ ਪਾਸਿਓਂ ਮੈਨੂੰ ਭਾਬੀ ਕਿਹੈ, ਮੂੰਹ ਵੇਖਿਐ ਕਦੇ ਸ਼ੀਸ਼ੇ ਵਿੱਚ। ਮੈਂ ਮੈਡਮ ਹਾਂ ਮੈਡਮ। ਵਿਆਹ ਸਮੇਂ ਤਾਂ ਮੰਨਿਆ ਸੋਹਣੀਆਂ ਔਰਤਾਂ ਵਿੱਚ ਇਹਦੀ ਝੰਡੀ ਸੀ, ਹੁਣ ਵੇਖੋ ਬਰਗਰ ਖਾ ਖਾ ਬਰਗਰ ਬਣ ਗਈ ਏ ਪੰਜ ਛੁੱਟੀ।"

ਕਹਿੰਦੇ ਹੋਏ ਮੇਲੇ ਦਾ ਚਿਹਰਾ ਗੁੱਸੇ ਨਾਲ ਲਾਲ ਹੋ ਗਿਆ ਸੀ।

ਕੋਲ ਖੜਵੇ ਇੱਕ ਹੋਰ ਵਿਹਲੜ ਨੇ ਬੰਟੀ ਨਾਲ ਹਮਦਰਦੀ ਜਤਾਉਂਦੇ ਹੋਏ ਕਿਹਾ, "ਹੁਣ ਤਾਂ ਵਿਚਾਰੀ ਪੌੜੀਆਂ 'ਤੇ ਬੈਠੀ ਬੈਠੀ ਡੁਸਕੇ ਲੈ ਰਹੀ ਏ। ਮੈਨੂੰ ਤਾਂ ਤਰਸ ਜਿਹਾ ਆਉਂਦਾ ਪਿਐ।"

ਮੁਹੱਲੇ ਦੇ ਤਮਾਸ਼ਬੀਨ ਆਪੋ ਆਪਣੀਆਂ ਸ਼ੁਰਲੀਆਂ ਛੱਡ ਰਹੇ ਸਨ। ਬੰਟੀ ਨੂੰ ਇਹ

ਸਭ ਕੁੱਝ ਚੰਗਾ ਨਾ ਲੱਗਾ ਤਾਂ ਉਹ ਉਠ ਕੇ ਆਪਣੀ ਦੋ ਮੰਜ਼ਿਲਾ ਕੋਠੀ ਵਿੱਚ ਚਲੀ ਗਈ। ਨਾਲ ਜੁੜਵੇਂ ਦੋ ਘਰਾਂ ਵਿੱਚ ਉਸਦੇ ਦੋਹਾਂ ਜੇਠਾਂ ਦੇ ਘਰ ਸਨ, ਸੱਸ-ਸਹੁਰਾ ਵੱਡੇ ਪੁੱਤਰ ਦੇ ਘਰ ਰਹਿੰਦੇ ਸਨ। ਇਹਨਾਂ ਘਰਾਂ ਵਿੱਚ ਰਹਿਣ ਵਾਲੇ ਅੰਦਰ ਬੈਠੇ ਸਾਰੇ ਨਜ਼ਾਰੇ ਦਾ ਲੁਤਫ਼ ਉਠਾ ਰਹੇ ਸਨ, ਜਿਵੇਂ ਰੱਬ ਨੇ ਉਹਨਾਂ ਦੀ ਸੁਣ ਲਈ ਹੋਵੇ। ਚਾਰ ਪੰਜ ਤਮਾਸ਼ਬੀਨ ਅਜੇ ਵੀ ਬਾਹਰ ਖੜ੍ਹੇ ਇੰਤਜ਼ਾਰ ਵਿੱਚ ਸਨ ਕਿ ਬੰਟੀ ਬਾਹਰ ਆਵੇਗੀ ਜ਼ਰੂਰ ਅਤੇ ਆਪਣੇ ਮਨ ਦਾ ਬੋਝ ਹਲਕਾ ਕਰਨ ਵਾਸਤੇ ਕੋਈ ਨਾ ਕੋਈ ਮਿਜ਼ਾਇਲ ਜ਼ਰੂਰ ਛੱਡੇਗੀ। ਬੰਟੀ ਬਾਹਰ ਨਹੀਂ ਆਈ ਪਰ ਉਸ ਦਾ ਸਹੁਰਾ ਆਸਾ ਸਿੰਘ ਆਪਣੇ ਘਰੋਂ ਬਾਹਰ ਆ ਕੇ ਹਾਜ਼ਰ ਵਿਹਲੜਾਂ ਨੂੰ ਬੋਲਿਆ "ਇਥੇ ਕੋਈ ਫ਼ਿਲਮ ਲੱਗੀ ਏ, ਜਾਂਦੇ ਕਿਉਂ ਨਹੀਂ ਇਥੋਂ? ਤੁਹਾਨੂੰ ਹੋਰ ਕੋਈ ਥਾਂ ਨਹੀਂ ਲੱਭਦੀ ਆਪਣਾ ਮਜਮਾ ਲਾਉਣ ਲਈ?" ਬਾਹਰ ਖੜ੍ਹੇ ਲੋਕ ਖਿਸਕਣ ਹੀ ਵਾਲੇ ਸਨ, ਪਰ ਮੇਲੇ ਨੇ ਆਸਾ ਸਿੰਘ ਤੋਂ ਪੁੱਛਿਆ "ਚਾਚਾ, ਕਿਉਂ ਚੀਕਦੀ ਪਈ ਸੀ? ਆਪਣੇ ਬਬਲੂ ਨੂੰ ਸਮਝਾਓ ਕਿ ਆਪਣੀ ਬੇਗ਼ਮ ਦਾ ਖ਼ਿਆਲ ਕਰਿਆ ਕਰੇ। ਜੇ ਤੁਹਾਡੀ ਨੂੰਹ ਕੁਝ ਕਰ ਬੈਠੀ ਤਾਂ ਸਮਝੋ ਸਾਰਾ ਟੱਬਰ ਹੀ ਅੰਦਰ। ਤੁਸੀਂ ਇਹਨੂੰ ਹੌਂਸਲਾ ਦਿਓ, ਘਰ ਵੱਸਦੇ ਹੀ ਚੰਗੇ ਲਗਦੇ ਨੇ।" ਮੇਲੇ ਦੀ ਗੱਲ ਸੁਣ ਕੇ ਆਸਾ ਸਿੰਘ ਨੇ ਇੱਕ ਲੰਬਾ ਸਾਹ ਲਿਆ ਅਤੇ ਹਾਜ਼ਰ ਸਭ ਬੰਦਿਆਂ ਨੂੰ ਕਹਿ ਦਿੱਤਾ, "ਤੁਸੀਂ ਜਾਓ ਸਾਰੇ ਆਪੋ ਆਪਣੇ ਘਰਾਂ ਨੂੰ। ਦੁਬਾਰਾ ਨਹੀਂ ਇੱਥੇ ਕੱਠੇ ਹੋਣਾ ਸਾਡੇ ਘਰ ਜੇ ਕੋਈ ਮੁਸ਼ਕਲ ਹੋਈ ਤਾਂ ਅਸੀਂ ਆਪੇ ਸੰਭਾਲ ਲਵਾਂਗੇ। ਸਾਡਾ ਫ਼ਿਕਰ ਨਾ ਕਰੋ।" ਆਸਾ ਸਿੰਘ ਦੇ ਰੋਅਬ ਵਾਲੇ ਬੋਲ ਸੁਣਕੇ ਸਭ ਖਿਸਕਣੇ ਸ਼ੁਰੂ ਹੋ ਗਏ। ਜਾਂਦੇ ਜਾਂਦੇ ਉਹਨਾਂ ਵਿੱਚੋਂ ਇੱਕ ਜਣਾ ਬੋਲ ਹੀ ਗਿਆ" ਤੁਹਾਡਾ ਫ਼ਿਕਰ ਕੌਣ ਕਰਦੈ, ਅਸੀਂ ਤਾਂ ਟੈਮ ਪਾਸ ਕਰਦੇ ਪਏ ਸੀ ਕਿ ਕੋਈ ਭਾਣਾ ਵਾਪਰੇਗਾ।" ਉਸਦੀ ਗੱਲ ਸੁਣਕੇ ਸਾਰੇ ਜਣੇ ਹੱਸਦੇ ਹੱਸਦੇ ਚਲੇ ਗਏ।ਆਸਾ ਸਿੰਘ ਵੀ ਆਪਣੇ ਘਰ ਪਰਤ ਆਇਆ, ਆਪਣੇ ਮੰਜੇ 'ਤੇ ਲੇਟ ਗਿਆ। ਬੀਤੇ ਦਸ ਸਾਲਾਂ ਦੇ ਦ੍ਰਿਸ਼ ਉਸਦੀਆਂ ਨਜ਼ਰਾਂ ਸਾਹਮਣੇ ਫ਼ਿਲਮ ਵਾਂਗ ਘੁੰਮਣ ਲੱਗ ਪਏ।

ਆਸਾ ਸਿੰਘ ਦੇ ਗਵਾਂਢੀ ਭੋਲਾ ਸਿੰਘ ਦੇ ਵੱਡੇ ਮੁੰਡੇ ਦਾ ਵਿਆਹ ਸੀ, ਮੁੰਡਾ ਅਮਰੀਕਾ ਤੋਂ ਪੱਕਾ ਹੋ ਕੇ ਘਰ ਪਰਤਿਆ ਸੀ। ਵਿਆਹ ਹੋਇਆ, ਭੋਲਾ ਸਿੰਘ ਦੇ ਘਰ ਸਿਮਰਨ ਨਾਂ ਦੀ ਲੜਕੀ ਨੇ ਪੈਰ ਧਰਿਆ ਤਾਂ ਉਸ ਦੀ ਸੁੰਦਰਤਾ ਦੇ ਕਿੱਸੇ ਘਰ ਘਰ ਛਿੜ ਪਏ। "ਕੁੜੀ ਤਾਂ ਪਰੀਆਂ ਦੇ ਦੇਸ਼ੋਂ ਆਈ ਏ, ਭੋਲਾ ਸਿੰਘ ਦੇ ਘਰ ਦਾ ਟੋਹਰ ਵੱਧ ਗਿਐ। ਪੜ੍ਹੀ ਲਿਖੀ ਏ, ਨਾਲੇ ਠਾਣੇਦਾਰ ਦੀ ਧੀ ਏ। ਮੁੰਡਾ ਜੁ ਅਮਰੀਕਾ ਤੋਂ ਆਇਐ, ਤਾਂ ਹੀ ਉਹਦੇ ਭਾਗ ਖੁੱਲ੍ਹ ਗਏ।" ਇਹੋ ਜਿਹੀਆਂ ਭਾਂਤ-ਭਾਂਤ ਦੀਆਂ ਗੱਲਾਂ ਲੋਕਾਂ ਦੀ ਜ਼ੁਬਾਨ 'ਤੇ ਸਨ। ਥੋੜ੍ਹੇ ਦਿਨ ਬਾਅਦ ਭੋਲਾ ਸਿੰਘ ਦੀ ਨੂੰਹ ਸਿਮਰਨ ਦੀ ਛੋਟੀ ਭੈਣ ਬੰਟੀ ਆਪਣੀ ਭੈਣ ਨੂੰ ਮਿਲਣ ਆਈ। ਬੰਟੀ ਤਾਂ ਆਪਣੀ ਵੱਡੀ ਭੈਣ ਨੂੰ ਸੁੰਦਰਤਾ ਵਿੱਚ ਮਾਤ ਪਾਉਂਦੀ ਸੀ। ਸਿਮਰਨ 'ਤੇ ਕੱਦ ਇੱਕ ਇੰਚ ਘੱਟ ਸੀ। ਹਰੇਕ ਨੂੰ ਬੰਟੀ ਦੀ ਦਿਖ ਨੇ ਮੋਹ ਲਿਆ। ਪੰਜ ਫੁੱਟ ਇਕ ਇੰਚ ਕੱਦ, ਸਰੀਰ ਪਤਲਾ, ਗੋਲ ਚਿਹਰਾ, ਨਸ਼ੀਲੀਆਂ ਨਜ਼ਰਾਂ ਅਤੇ ਸੋਖ ਬੋਲਾਂ



ਵਿਚਲੀ ਚੰਚਲਤਾ ਦੇ ਪ੍ਰਭਾਵ ਹੇਠ ਆਸਾ ਸਿੰਘ ਵੀ ਆ ਗਿਆ ਸੀ। ਉਹ ਆਪਣੇ ਅਮਰੀਕਾ ਤੋਂ ਆ ਰਹੇ ਸਭ ਤੋਂ ਛੋਟੇ ਪੁੱਤਰ ਬਬਲੂ ਲਈ ਬੰਟੀ ਨੂੰ ਹੀ ਚੁਣਨਾ ਚਾਹੁੰਦਾ ਸੀ। ਸਿਮਰਨ ਅਤੇ ਬੰਟੀ ਜਦ ਕਦੇ ਵੀ ਇਸ ਕਸਬੇ ਦੇ ਬਾਜ਼ਾਰ 'ਚ ਜਾਂਦੀਆਂ ਜਾਂ ਗੁਰਦੁਆਰੇ ਮੱਥਾ ਟੇਕਨ, ਸਾਰਾ ਮੇਲਾ ਹੀ ਲੁੱਟ ਲੈਂਦੀਆਂ। ਆਸਾ ਸਿੰਘ ਜਦ ਕਦੇ ਵੀ ਆਪਣੇ ਪੁੱਤਰ ਬਬਲੂ ਨੂੰ ਫ਼ੋਨ ਕਰਦਾ ਤਾਂ ਬੰਟੀ ਦੀ ਸੁੰਦਰਤਾ ਦੀਆਂ ਤਾਰੀਫ਼ਾਂ ਦੇ ਪੁਲ਼ ਬੰਨ ਦਿੰਦਾ, "ਕੁੜੀ ਤਾਂ ਸੋਨਾ ਏ ਸ਼ੁੱਧ ਸੋਨਾ ਚੌਵੀ ਕੈਰੇਟ ਦਾ। ਮੈਂ ਗੱਲ ਚਲਾ ਦਿੱਤੀ ਏ। ਆਪਣਾ ਗਵਾਂਢੀ ਭੋਲਾ ਸਿੰਘ ਪੂਰਾ ਵਿਸ਼ਵਾਸ਼ ਦੁਆ ਰਿਹੈ ਕਿ ਕੁੜੀ ਦੇ ਮਾਂ ਪਿਓ ਸਾਨੂੰ ਹੀ ਪਹਿਲ ਦੇਣਗੇ।"

ਲਗਾਤਾਰ ਦਸ ਸਾਲ ਅਮਰੀਕਾ ਵਿੱਚ ਕੰਮ ਕਰਨ ਬਾਅਦ ਬਬਲੂ ਵਾਪਸ ਘਰ ਪਰਤ ਆਇਆ। ਦਸ ਸਾਲ ਦੀ ਸਾਰੀ ਕਮਾਈ ਉਸ ਦੀ ਬੈਂਕ ਵਿੱਚ ਸਾਂਭੀ ਪਈ ਸੀ। ਵਰਕ ਪਰਮਿੱਟ ਮਿਲਣ ਕਾਰਨ ਉਹ ਫਿਰ ਅਮਰੀਕਾ ਜਾ ਵੀ ਸਕਦਾ ਸੀ। ਪਹਿਲਾਂ ਹੀ ਉਲੀਕੇ ਪ੍ਰੋਗਰਾਮ ਮੁਤਾਬਿਕ ਬਬਲੂ ਦਾ ਵਿਆਹ ਬਿਨਾਂ ਕਿਸੇ ਦਾਜ ਦੇ ਬੰਟੀ ਨਾਲ ਹੋ ਗਿਆ। ਆਸਾ ਸਿੰਘ ਨੇ ਨਵੀਂ ਬਣੀ ਜੋੜੀ 'ਤੇ ਨੋਟਾਂ ਦੀ ਇੰਜ ਬਰਸਾਤ ਕੀਤੀ ਜਿਵੇਂ ਕੋਈ ਜੰਗ ਜਿੱਤ ਲਈ ਹੋਵੇ। ਵਿਆਹ ਦੀ ਖੁਸ਼ੀ ਦੇ ਜਸ਼ਨ ਦਸ ਦਿਨ ਚਲਦੇ ਰਹੇ। ਘਰ ਦੀ ਆਰਥਿਕ ਹਾਲਤ ਪਹਿਲਾਂ ਹੀ ਚੰਗੀ ਸੀ। ਆਸਾ ਸਿੰਘ ਦਸ ਕਿਲੇ ਜ਼ਮੀਨ ਦਾ ਮਾਲਕ ਸੀ, ਇਹ ਜ਼ਮੀਨ ਕਸਬੇ ਦੇ ਬੱਸ ਅੱਡੇ ਨਾਲ ਲਗਦੀ ਸੀ। ਉਸ ਨੇ ਇਹ ਸਾਰੀ ਜ਼ਮੀਨ ਮਹਿੰਗੇ ਭਾਅ ਵੇਚ ਕੇ ਕਸਬੇ ਤੋਂ ਦੋ ਕਿਲੋਮੀਟਰ ਦੂਰ ਤੀਹ ਕਿਲੇ ਜ਼ਮੀਨ ਖਰੀਦ ਲਈ। ਤਿੰਨਾਂ ਪੁੱਤਰਾਂ ਲਈ ਬੱਸ ਅੱਡੇ ਨਜ਼ਦੀਕ ਇੰਨੀ ਕੁ ਜ਼ਮੀਨ ਰੱਖ ਲਈ ਜਿਸ ਵਿੱਚ ਪੰਦਰਾਂ ਆਲੀਸ਼ਾਨ ਦੁਕਾਨਾਂ ਬਣ ਸਕਦੀਆਂ ਹੋਣ। ਬੈਂਕ ਬੈਲੇਂਸ ਹੋਣ ਕਾਰਨ ਆਸਾ ਸਿੰਘ ਨੇ ਬਬਲੂ ਤੋਂ ਕਦੇ ਕੁਝ ਮੰਗਵਾਇਆ ਨਹੀਂ ਸੀ। ਉਹ ਚਾਹੁੰਦਾ ਸੀ ਕਿ ਬਬਲੂ ਆਪਣੇ ਪੈਰਾਂ 'ਤੇ ਖੜ੍ਹਾ ਹੋ ਜਾਵੇ। ਕਿਉਂਕਿ ਉਸ ਦੇ ਵੱਡੇ ਦੋਵੇਂ ਪੁੱਤਰ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਲੱਗੇ ਸਨ। ਸਭ ਤੋਂ ਵੱਡੀ ਨੂੰਹ ਨੇ ਘਰ ਦਾ ਚੁੱਲਾ ਚੌਂਕਾ ਸੰਭਾਲਿਆ ਹੋਇਆ ਸੀ ਅਤੇ ਦੂਸਰੀ ਨੂੰਹ ਵੀ ਸਕੂਲ ਅਧਿਆਪਕਾ ਸੀ। ਬੰਟੀ ਬੀ.ਏ. ਪਾਸ ਸੀ ਪਰ ਕੋਈ ਕੋਰਸ ਨਾ ਕਰਨ ਕਰਕੇ ਕੋਈ ਨੌਕਰੀ ਪ੍ਰਾਪਤ ਨਹੀਂ ਸੀ ਕਰ ਸਕੀ। ਆਸਾ ਸਿੰਘ ਚਾਹੁੰਦਾ ਸੀ ਕਿ ਬੰਟੀ ਵੀ ਆਪਣੀ ਜੇਠਾਣੀ ਦੇ ਰੋਟੀ ਪਕਾਉਣ ਆਦਿ ਵਿੱਚ ਮਦਦ ਕਰੇ। ਪਰ ਬੰਟੀ ਨੇ ਸਾਫ਼ ਇਨਕਾਰ ਕਰਕੇ ਕਹਿ ਦਿੱਤਾ, "ਮੈਨੂੰ ਨਹੀਂ ਆਉਂਦੀਆਂ ਰੋਟੀਆਂ ਪਕਾਉਣੀਆਂ। ਅਸੀਂ ਤਾਂ ਘਰੇ ਨੌਕਰ ਰੱਖਦੇ ਰਹੇ ਹਾਂ।"

ਬਬਲੂ ਅਤੇ ਬੰਟੀ ਆਪਣੇ ਕਮਰੇ ਅੰਦਰ ਸਭ ਤੋਂ ਅਲੱਗ-ਥਲੱਗ ਰਹਿੰਦੇ। ਰੋਜ਼ ਕਿਸੇ ਨਾ ਕਿਸੇ ਥਾਂ ਸੈਰ ਕਰਨ ਚਲੇ ਜਾਂਦੇ। ਆਖਰ ਅੱਕ ਕੇ ਆਸਾ ਸਿੰਘ ਨੇ ਬਬਲੂ ਨੂੰ ਕਹਿ ਹੀ ਦਿੱਤਾ, " ਆਖਰ ਇਵੇਂ ਕਿੰਨੇ ਦਿਨ ਚੱਲੇਗਾ? ਤੂੰ ਅਮਰੀਕਾ ਕਦੋਂ ਜਾ ਰਿਹੈ ਵਾਪਸ?" ਇਹ ਸੁਣ ਕੇ ਬਬਲੂ ਹੱਸ ਪਿਆ ਅਤੇ ਆਪਣੇ ਪਿਤਾ ਦੇ ਗੋਡੀਂ ਹੱਥ ਲਾ ਕੇ ਕਹਿ ਦਿੱਤਾ, "ਪਾਪਾ ਮੈਂ ਤਾਂ ਇੱਥੇ ਹੀ ਬਿਜਨਸ ਕਰਨੈਂ, ਨਾਲੇ ਤੁਹਾਡੀ ਸੇਵਾ ਵੀ।"

"ਪੁੱਤਰ, ਫਲ ਫਰੂਟ ਤਾਂ ਤੂੰ ਮੁੱਕਣ ਨਹੀਂ ਦਿੰਦਾ ਸਾਡੇ ਲਈ, ਪਿਆਰ ਵੀ ਬਹੁਤ ਕਰਦੈਂ ਹਰ ਜੀਅ ਨਾਲ। ਪਰ ਮੈਨੂੰ ਡਰ ਲਗਦੈ ਕਿਤੇ...." ਆਸਾ ਸਿੰਘ ਕਹਿੰਦੇ ਕਹਿੰਦੇ ਰੁਕ ਗਿਆ।

'ਕਾਹਦਾ ਡਰ ਪਾਪਾ?" ਬਬਲੂ ਨੇ ਚਿੰਤਤ ਹੋ ਕੇ ਪੁੱਛ ਲਿਆ। ਆਸਾ ਸਿੰਘ ਨੇ ਝਿਜਕਦੇ ਹੋਏ ਕਹਿ ਦਿੱਤਾ, "ਬਬਲੂ, ਬੰਟੀ ਨੂੰ ਕੰਟਰੋਲ 'ਚ ਰੱਖ।"

ਬੰਟੀ ਵੀ ਮੌਕੇ ਤੇ ਆ ਗਈ। ਕਹਿਣ ਲੱਗੀ, "ਪਾਪਾ, ਜੇ ਤੁਹਾਡਾ ਛੋਟਾ ਪੁੱਤਰ ਤੁਹਾਡੀਆਂ ਅੱਖਾਂ ਸਾਹਮਣੇ ਬਿਜਨਸ ਕਰ ਲਵੇ, ਤੁਸੀਂ ਖੁਸ਼ ਨਾ ਹੋਵੋਗੇ?"

"ਕਿਉਂ ਨਹੀਂ ਪੁੱਤਰ, ਮੇਰਾ ਲਾਡਲਾ ਏ ਬਬਲੂ। ਇਹਦੇ ਬਿਜਨਸ 'ਚ ਇਹਦੀ ਪੂਰੀ ਮਦਦ ਕਰਾਂਗਾ।"

ਬੰਟੀ ਦੇ ਆਉਣ ਬਾਅਦ ਆਸਾ ਸਿੰਘ ਨੂੰ ਜਾਪਿਆ ਜਿਵੇਂ ਉਸ ਦੇ ਘਰ ਅੰਦਰ ਵੀ ਇੱਕ ਹੋਰ 'ਪਾਕਿਸਤਾਨ' ਬਣ ਗਿਆ ਹੋਵੇ। ਉਸ ਦੀਆਂ ਤਿੰਨੇ ਨੂੰਹਾਂ ਨੇ ਆਪੋ ਆਪਣੀ ਸੁਰ ਅਪਣਾ ਲਈ ਸੀ। ਸਭ ਤੋਂ ਵੱਡੀ ਨੂੰਹ ਨੇ ਰਸੋਈ ਵਿੱਚ ਆਪਣੀ ਸੱਸ ਨੂੰ ਕਹਿ ਦਿੱਤਾ, "ਸਾਡੇ ਕੋਲੋਂ ਨਹੀਂ ਹੁੰਦਾ ਨੌਕਰਪੁਣਾ ਸਾਰਿਆਂ ਦਾ।"

ਆਸਾ ਸਿੰਘ ਨੇ ਵਕਤ ਦੀ ਨਜ਼ਬ ਪਹਿਚਾਣਦੇ ਹੋਏ ਤਿੰਨਾਂ ਪੁੱਤਰਾਂ ਨੂੰ ਅਲੱਗ ਕਰ ਦਿੱਤਾ। ਜ਼ਮੀਨ ਅਤੇ ਪਲਾਟਾਂ ਆਦਿ ਦੀ ਵੰਡ ਹੋ ਗਈ। ਆਸਾ ਸਿੰਘ ਪਤਨੀ ਸਮੇਤ ਵੱਡੇ ਮੁੰਡੇ ਦੇ ਘਰ ਰਹਿਣ ਲੱਗ ਪਿਆ।

ਬਬਲੂ ਨੇ ਪੰਜ ਆਲੀਸ਼ਾਨ ਦੁਕਾਨਾਂ ਉਸਾਰ ਕੇ ਪੇਂਟ ਅਤੇ ਪਲਾਈ ਦਾ ਬਿਜਨਸ ਵੱਡੇ ਪੱਧਰ 'ਤੇ ਸ਼ੁਰੂ ਕਰ ਦਿੱਤਾ। ਦੁਕਾਨਦਾਰੀ ਖ਼ੂਬ ਚੱਲੀ ਅਤੇ ਲੋਕਾਂ ਦਾ ਧਿਆਨ 'ਬਬਲੂ ਇੰਟਰਪ੍ਰਾਈਜਿਸ' ਵੱਲ ਆਕਰਸ਼ਤ ਹੋ ਗਿਆ। ਬੰਟੀ ਵੀ ਟੌਹਰ ਨਾਲ ਕਾਊਂਟਰ ਕੋਲ ਪਈ ਮੁੱਖ ਕੁਰਸੀ 'ਤੇ ਬਿਰਾਜਮਾਨ ਹੋ ਜਾਂਦੀ। ਆਪਣਾ 'ਚੁਗਲੀ ਚੈਨਲ' ਧੜੱਲੇ ਨਾਲ ਚਲਾਉਂਦੀ। 'ਜੈਸੀ ਸੰਗਤ ਵੈਸੀ ਰੰਗਤ' ਦਾ ਅਸਰ ਬਬਲੂ ਦੇ ਸੁਭਾਅ 'ਤੇ ਵੀ ਪਿਆ। ਹਰੇਕ ਨੂੰ ਹੱਸ ਕੇ ਮਿਲਣ ਵਾਲੇ ਬਬਲੂ ਦਾ ਕੋਮਲ ਸੁਭਾਅ ਹੌਲੀ-ਹੌਲੀ ਖੁਸ਼ਕ ਜਿਹਾ ਹੋ ਗਿਆ। ਉਸ ਦੇ ਪਿਤਾ ਅਤੇ ਭਰਾਵਾਂ ਨੇ ਉਸਦੇ ਬਿਜਨਸ ਦੀ ਮੁਫ਼ਤ ਇਸ਼ਤਿਹਾਰਬਾਜ਼ੀ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਸੀ, ਪਰ ਬਬਲੂ ਨੇ ਕੋਈ ਕਦਰ ਨਾ ਪਾਈ। ਚਾਰ ਪੰਜ ਸਾਲ ਲੰਘ ਗਏ, ਬਬਲੂ ਨਾਂ ਦੀ ਮ ਾਰਕੀਟ ਸਥਾਪਤ ਹੋ ਗਈ। ਸਵੇਰ ਤੋਂ ਰਾਤ ਨੌਂ ਵਜੇ ਤੱਕ ਗਾਹਕਾਂ ਦੀ ਵੱਡੀ ਭੀੜ ਲਈ ਸਮਾਨ ਢੋਂਦੇ ਹੋਏ ਦੋਵੇਂ ਨੌਕਰ ਥੱਕ ਟੁੱਟ ਜਾਂਦੇ। ਨੋਟ ਗਿਣ ਗਿਣ ਬਬਲੂ ਦੀਆਂ ਬਾਹਵਾਂ ਥਕਾਵਟ ਮਹਿਸੂਸ ਕਰਦੀਆਂ, ਦੁਕਾਨ ਬੰਦ ਕਰਨ ਤੋਂ ਪਹਿਲਾਂ ਇੱਕ ਬੰਦੇ ਨੇ ਬਬਲੂ ਦੀਆਂ ਬਾਹਵਾਂ ਦੀ ਮਾਲਸ਼ ਕਰਨੀ। ਕਸਬੇ ਵਿੱਚ ਇਕ ਇੰਟਰਨੈਸ਼ਨਲ ਕਲੱਬ ਬਣੀ, ਜਿਸ ਦਾ ਪ੍ਰਧਾਨ ਬਬਲੂ ਨੂੰ ਚੁਣਿਆ ਗਿਆ। ਚੰਗੀ ਕਿਸਮਤ ਨਾਲ ਬਬਲੂ ਦੇ ਘਰ ਪੁੱਤਰ ਅਤੇ ਪੁੱਤਰੀ ਨੇ ਜਨਮ ਲੈ ਲਿਆ ਸੀ। ਇਹਨਾਂ ਬੱਚਿਆਂ ਦੀਆਂ 'ਬਰਥ ਪਾਰਟੀਆਂ' ਵੱਡੇ ਪੱਧਰ 'ਤੇ ਪੈਲੇਸਾਂ ਵਿੱਚ ਕੀਤੀਆਂ ਗਈਆਂ ਜਿਹਨਾਂ ਵਿੱਚ ਬੰਟੀ ਦੇ ਮਾਪੇ, ਭਰਾ-ਭਰਜਾਈਆਂ



ਅਤੇ ਭੈਣ ਵਿਸੇਸ਼ ਮਹਿਮਾਨ ਹੁੰਦੇ। ਆਸਾ ਸਿੰਘ ਉਸਦੇ ਪੁੱਤਰ ਪਰਿਵਾਰਾਂ ਸਮੇਤ ਲੋਕਾਚਾਰੀ ਤੌਰ 'ਤੇ ਹਾਜ਼ਰ ਹੁੰਦੇ। ਆਸਾ ਸਿੰਘ ਅਤੇ ਉਸਦੀ ਪਤਨੀ ਸਰਦੀ ਦੀ ਰੁੱਤ ਵਿੱਚ ਕਿੰਨੇ ਦਿਨ ਬਿਮਾਰ ਰਹੇ ਪਰ ਬਬਲੂ ਨੇ ਕੋਈ ਹਾਲ ਚਾਲ ਨਾ ਪੁੱਛਿਆ।

"ਇਹਨਾਂ ਬਜ਼ੁਰਗਾਂ ਸਦਾ ਬੈਠੇ ਤਾਂ ਨਹੀਂ ਰਹਿਣਾ, ਬਥੇਰੀ ਉਮਰ ਭੋਗ ਲਈ ਇਹਨਾਂ।" ਬੰਟੀ ਦੇ ਇਹ ਬੋਲ ਆਪਣੇ ਸੱਸ-ਸਹੁਰੇ ਲਈ ਹੁੰਦੇ, ਸੁਣ ਸੁਣ ਬਬਲੂ ਵੀ 'ਫੁੱਲ' ਤੋਂ ਪੱਥਰ ਬਣ ਗਿਆ ਸੀ।

ਸਮਾਂ ਆਪਣੀ ਤੋਰੇ ਤੁਰਦਾ ਰਿਹਾ। ਇਕ ਦਿਨ ਦੁਪਹਿਰ ਸਮੇਂ ਬਬਲੂ ਆਪਣੇ ਹਿਸਾਬ ਕਿਤਾਬ ਵਿੱਚ ਮਗਨ ਸੀ, ਤਦ ਇੱਕ ਜਾਣੀ ਪਹਿਚਾਣੀ ਨੌਜਵਾਨ ਔਰਤ ਦੀ ਆਵਾਜ਼ ਕੰਨੀਂ ਪਈ।

"ਸਾਸਰੀ ਕਾਲ ਜੀ, ਕਿਵੇਂ ਹੋ ਬਬਲੂ?" ਸਿਰ ਉਤਾਂਹ ਕਰਕੇ ਬਬਲੂ ਨੇ ਵੇਖਿਆ ਤਾਂ ਹੈਰਾਨ ਰਹਿ ਗਿਆ।

"ਤੂੰ ਚੰਨੀ?.... ਅੱਜ ਵੀ ਉਵੇਂ ਜਿਵੇਂ ਵੀਹ ਸਾਲ ਪਹਿਲਾਂ ਸੀ। ਬੈਠੋ, ਮੈਂ ਕੀ ਸੇਵਾ ਕਰਾਂ?"

ਸੁਣ ਕੇ ਚੰਨੀ ਮੁਸਕਰਾਈ ਅਤੇ ਬੋਲੀ, "ਮੈਂ ਆਪਣੀ ਕੋਠੀ ਲਈ ਪੇਂਟ ਲੈਣ ਆਈ ਹਾਂ।"

ਹੈਰਾਨੀ ਵਿੱਚ ਬਬਲੂ ਕੋਲੋਂ ਕਿਹਾ ਗਿਆ, "ਤੇਰੀ ਕੋਠੀ, ਤੁਸੀਂ ਤਾਂ ਗਰੀਬ.... ਮਾੜੇ ਜਿਹੇ ਘਰ ਰਹਿੰਦੇ ਸੀ?"

"ਗਰੀਬ ਸੀ, ਤਾਹਿਓਂ ਤੇਰੇ ਪਾਪਾ ਨੇ ਸਾਡਾ ਰਿਸ਼ਤਾ ਨਹੀਂ ਹੋਣ ਦਿੱਤਾ ਸੀ.... ਹੁਣ ਮੈਂ ਅਮੀਰ ਹਾਂ।" ਗੰਭੀਰ ਹੋਈ ਚੰਨੀ ਨੇ ਪੂਰੇ ਆਤਮ ਵਿਸ਼ਵਾਸ ਨਾਲ ਕਿਹਾ।

"ਪਰ ਤੇਰਾ ਘਰ ਵਾਲਾ ਕੀ ਕਰਦੈ?" ਬਬਲੂ ਨੇ ਕਾਹਲੀ ਨਾਲ ਪੁੱਛਿਆ।

ਸੁਣ ਕੇ ਚੰਨੀ ਨੇ ਮਾਣ ਨਾਲ ਕਿਹਾ, "ਮੇਰੇ ਘਰ ਵਾਲੇ ਦਾ ਵੱਡਾ ਗਿਫ਼ਟ ਸੈਂਟਰ ਏ, ਤੇਰੇ ਤੋਂ ਵੱਡਾ ਬਿਜਨਸ.... ਉਹਦੀ ਪਹਿਲੀ ਪਤਨੀ ਮਰ ਗਈ, ਮੇਰੇ ਨਾਲ ਸੰਜੋਗ ਸੀ ਉਹਦਾ। ਦੋ ਬੱਚੇ ਪਹਿਲਾਂ ਸਨ, ਇੱਕ ਮੇਰਾ ਹੋਰ ਹੋ ਗਿਆ। ਤਿੰਨੇ ਪੁੱਤਰ.... ਹਾਂ, ਜਿਸ ਕੰਮ ਲਈ ਆਈ, ਆਹ ਫੜੋ ਪੇਂਟ ਦੇ ਸਮਾਨ ਦੀ ਲਿਸਟ, ਇੱਕ ਲੱਖ ਪਹਿਲਾਂ ਜਮਾਂ ਕਰ ਲਓ। ਅੱਜ ਜਲਦੀ ਵਿੱਚ ਹਾਂ, ਪਰਸੋਂ ਫਿਰ ਆਵਾਂਗੀ।" ਆਪਣਾ ਪਤਾ ਅਤੇ ਇੱਕ ਲੱਖ ਕੈਸ਼ ਦੇ ਕੇ ਕਾਰ ਵਿੱਚ ਬੈਠ ਗਈ।

ਬਬਲੂ ਦੇ ਤਾਂ ਜਿਵੇਂ ਹੋਸ਼ ਹੀ ਉੱਡ ਗਏ ਸਨ। ਵੀਹ ਸਾਲ ਪਹਿਲਾਂ ਵਾਂਗ ਖ਼ੂਬਸੂਰਤ, ਪੰਜ ਫੁੱਟ ਛੇ ਇੰਚ ਲੰਬੀ, ਹਿਰਨੀ ਦੀਆਂ ਨਜ਼ਰਾਂ ਵਾਲੀ, ਚਿਹਰੇ 'ਤੇ ਤਾਜ਼ਗੀ ਵਾਲੀ ਚੰਨੀ ਤਾਂ ਬਬਲੂ ਨੂੰ ਧੁਰ ਤੱਕ ਕੀਲ ਕੇ ਚਲੀ ਗਈ। ਇਸ ਦੇ ਐਨ ਉਲਟ ਫਾਸਟਫੂਡ ਦੀ ਸ਼ੌਕੀਨ ਬੰਟੀ ਦਾ ਮੋਟਾਪਾ, ਚਿਹਰੇ ਦਾ ਢਿੱਲਾਪਣ ਅਤੇ ਸੁਸਤੀ ਦੀ ਮਾਰੀ ਆਪਣੀ ਪਤਨੀ ਉਸਨੂੰ ਬੇਕਾਰ ਜਿਹੀ ਨਜ਼ਰ ਆਉਣ ਲੱਗੀ। ਪਰਸੋਂ ਦੀ ਇੰਤਜ਼ਾਰ ਕਰਨ ਲੱਗਾ। ਦੋ ਦਿਨ ਗੁੰਮ ਸੁੰਮ ਹੀ ਰਿਹਾ। ਬੰਟੀ ਨੇ ਉਸਦੀ ਚੁੱਪ ਬਾਰੇ ਸਵਾਲ ਕੀਤਾ ਤਾਂ ਉਹ

ਬੋਲਿਆ, "ਕਮ ਦਾ ਲੋਡ ਵੱਧ ਪੈ ਗਿਆ।" ਪਰ ਬੰਟੀ ਬੋਲੀ, "ਮੈਂ ਸੋਚਦੀ ਸੀ ਸ਼ਾਇਦ ਚਵਲ ਸ਼ਰੀਕਾਂ ਨੇ ਕੁੱਝ ਬੋਲ ਕੁਬੋਲ ਕਹਿ ਦਿੱਤੈ।"

ਵੀਹ ਸਾਲ ਪੁਰਾਣੇ ਪਿਆਰ ਦੀ ਯਾਦ ਵਿੱਚ ਦੋ ਦਿਨ ਬਬਲੂ ਨੇ ਰੱਜ ਕੇ ਸ਼ਰਾਬ ਪੀਤੀ ਸੀ। ਦੁਪਹਿਰੇ ਕਾਉਂਟਰ ਕੋਲ ਆਪਣੀ ਸੀਟ ਤੇ ਬੈਠਾ ਚੰਨੀ ਬਾਰੇ ਸੋਚ ਰਿਹਾ ਸੀ। ਚੰਨੀ ਆਈ ਤਾਂ ਸੀਟ ਤੋਂ ਉਠ ਕੇ ਖੜ੍ਹਾ ਹੋ ਗਿਆ।

"ਖੜ੍ਹੇ ਕਿਉਂ ਹੋ ਗਏ?" ਚੰਨੀ ਨੇ ਪੁੱਛਿਆ।

"ਚੰਨੀ ਨੂੰ ਜੀ ਆਇਆਂ ਕਹਿਣ ਲਈ।" ਬਬਲੂ ਉਸ ਵੱਲ ਵੇਖੀ ਜਾ ਰਿਹਾ ਸੀ।

ਬਬਲੂ ਨੇ ਚੰਨੀ ਨੂੰ ਬੇਨਤੀ ਕੀਤੀ ਕਿ ਉਹ ਉਸ ਨਾਲ ਰੈਸਟੋਰੈਂਟ ਵਿੱਚ ਲੰਚ ਕਰੇ। ਚੰਨੀ ਨੇ ਹਾਂ ਕਰ ਦਿੱਤੀ।

ਉਸ ਦਿਨ ਤੋਂ ਬਾਅਦ ਬਬਲੂ ਅਤੇ ਚੰਨੀ ਬਾਰੇ ਚਰਚਾਵਾਂ ਦਾ ਬਾਜ਼ਾਰ ਗਰਮ ਹੋ ਗਿਆ ਸੀ। ਗੱਲ ਬੰਟੀ ਤੱਕ ਵੀ ਪਹੁੰਚ ਗਈ ਸੀ। ਪਰ ਉਹ ਕਿਸ ਨੂੰ ਆਪਣੀ ਦੁਰਦਸ਼ਾ ਬਾਰੇ ਦੱਸੇ। ਮਾਪੇ ਬਿਮਾਰ ਰਹਿੰਦੇ ਸਨ। ਵੱਡੀ ਭੈਣ ਸਿਮਰਨ ਅਮਰੀਕਾ ਵੱਸ ਚੁੱਕੀ ਸੀ। ਮੁਹੱਲੇ ਵਾਲਿਆਂ ਨਾਲ ਉਸਦੀ ਕੋਈ ਨੇੜਤਾ ਨਹੀਂ ਸੀ। ਦੋਵੇਂ ਬੱਚੇ ਇੱਕ ਮਹਿੰਗੇ ਸਕੂਲ ਦੇ ਹੋਸਟਲ ਵਿੱਚ ਰਹਿ ਰਹੇ ਸਨ।

ਬੰਟੀ ਇੱਕ ਸ਼ਾਮ ਨੂੰ ਬਬਲੂ ਅੱਗੇ ਬਥੇਰੀ ਰੋਈ ਪਿੱਟੀ, ਪਰ ਉਸ ਤੇ ਕੋਈ ਅਸਰ ਨਾ ਹੋਇਆ, ਉਧਰ ਚੰਨੀ ਦੇ ਪਤੀ ਨੇ ਚੰਨੀ ਨੂੰ ਝਿੜਕਣਾ ਚਾਹਿਆ ਤਾਂ ਚੰਨੀ ਨੇ ਤਲਾਕ ਦੇਣ ਦੀ ਧਮਕੀ ਦੇ ਦਿੱਤਾ। ਬਬਲੂ ਅਤੇ ਚੰਨੀ ਸੈਰਾਂ ਕਰਦੇ ਹੋਏ ਆਪਣੇ ਵਰਤਮਾਨ ਨੂੰ ਸੁਹਾਵਣਾ ਬਣਾਉਣ 'ਚ ਲੀਨ ਸਨ।

ਇੱਕ ਦਿਨ ਬੰਟੀ ਆਪਣੀ ਕੋਠੀ ਦੇ ਬਾਹਰ ਵਿਹੜੇ ਵਿੱਚ ਆ ਕੇ ਉਚੀ ਉਚੀ ਚੀਖਣ ਲੱਗੀ। ਕਹਿੰਦੀ-"ਮੈਂ ਲੱਗੀ ਆਂ ਅੱਗ ਲਾ ਕੇ ਮਰਨ। ਕੁੱਤੇ ਘਰ ਵਿਆਹੀ ਗਈ ਲੋਕੋ!"

ਇਹ ਸੁਣ ਕੇ ਆਸਾ ਸਿੰਘ ਆਪਣੇ ਘਰੋਂ ਬਾਹਰ ਆਇਆ। ਗੁੱਸੇ ਵਿੱਚ ਬੋਲਿਆ, "ਇਸ ਘਰ 'ਚ ਸਾਊ ਲੋਕ ਵੱਸਦੇ ਸਨ, ਖੁਸ਼ੀਆਂ ਸੀ, ਹਾਸਾ ਸੀ, ਤੇਰੇ ਆਇਆਂ ਸਭ ਕੁਝ....."

ਇਹ ਸੁਣ ਕੇ ਦਹਾੜਦੀ ਹੋਈ ਬੰਟੀ ਬੋਲੀ, "ਤੁਸੀਂ ਉਹਨੂੰ ਸਮਝਾ ਨਹੀਂ ਸਕਦੇ ਲੋਫ਼ਰ ਨੂੰ?" ਭੀੜ ਕਾਫ਼ੀ ਇਕੱਠੀ ਹੋ ਗਈ ਸੀ।

"ਤੂੰ ਉਹਨੂੰ ਪੱਥਰ ਬਣਾਇਐ, ਕਿੰਨੇ ਸਾਲ ਉਹ ਸਾਨੂੰ ਵੱਜਦਾ ਰਿਹੈ, ਹੁਣ ਤੇਰੀ ਵਾਰੀ ਏ ਪੱਥਰ ਦੀ ਸੱਟ ਝੱਲਣ ਦੀ..... ਪੱਥਰ ਨੂੰ ਕੋਈ ਨਹੀਂ ਪਿਘਲਾ ਸਕਦਾ।" ਜੇਤੂ ਅੰਦਾਜ਼ ਵਿੱਚ ਕਹਿ ਕੇ ਆਸਾ ਸਿੰਘ ਆਪਣੇ ਘਰ ਅੰਦਰ ਚਲਾ ਗਿਆ।

**ਸੰਪਰਕ** 98154-65620

◆◆◆



# ਭਰੋਸਾ

**ਭੂਪਿੰਦਰ ਉਸਤਾਦ**

ਅੰਕਲ ਨੇ ਗੱਡੀ ਕੋਲ ਜਾਕੇ ਬੋਨਟ ਉੱਪਰ ਚੁੱਕਿਆ ਤੇ ਇੰਜਣ ਤੇ ਨਜ਼ਰ ਮਾਰੀ, ਇਕ ਦੋ ਥਾਵਾਂ ਨੂੰ ਟਟੋਲਿਆ ਫਿਰ ਪਲੱਗ ਚੈੱਕ ਕੀਤੇ ਤੇ ਆਰਮੇਚਰ ਤੇ ਵੀ ਨਜ਼ਰ ਮਾਰੀ ਫਿਰ ਉਸ ਨੇ ਠੇਕੇਦਾਰ ਨੂੰ ਗੱਡੀ ਸਟਾਰਟ ਕਰਨ ਲਈ ਕਿਹਾ। ਠੇਕੇਦਾਰ ਨੇ ਗੱਡੀ ਦੀ ਚਾਬੀ ਘੁਮਾਈ । ਗੱਡੀ ਘੁਰਰ ਘੁਰਰ ਕਰਕੇ ਝਟਕੇ ਨਾਲ ਬੰਦ ਹੋ ਗਈ ਅੰਕਲ ਨੇ ਫਿਰ ਇਕ ਦੋ ਥਾਵਾਂ ਤੇ ਹੱਥ ਮਾਰਿਆ ਤੇ ਆਰਮੇਚਰ ਦੇ ਕਾਰਬਨ ਕੱਢ ਕੇ ਦੇਖੇ ਤੇ ਸਾਫ਼ ਕਰਕੇ ਪਾ ਦਿੱਤੇ, ਤੇ ਠੇਕੇਦਾਰ ਨੂੰ ਗੱਡੀ ਚਾਲੂ ਕਰਨ ਲਈ ਕਿਹਾ। ਠੇਕੇਦਾਰ ਨੇ ਫਿਰ ਚਾਬੀ ਘੁਮਾਈ, ਇੰਜਣ ਨੇ ਘੁਰਰ ਘੁਰਰ ਕੀਤੀ ਤੇ ਗੱਡੀ ਸਟਾਰਟ ਹੋ ਗਈ। ਅੰਕਲ ਨੇ ਗੁੱਡੀ ਬੰਦ ਕਰ ਦਿੱਤੀ। "ਆਰਮੇਚਰ ਦੇ ਕਾਰਬਨ ਗਏ ਹੋਏ ਨੇ, ਨਵੇਂ ਪੌਣੇ ਪੈਣਗੇ। ਅੰਕਲ ਨੇ ਠੇਕੇਦਾਰ ਦੇ ਨੇੜੇ ਹੁੰਦਿਆਂ ਕਿਹਾ। ਫਿਰ ਅੰਕਲ ਨੇ ਠੇਕੇਦਾਰ ਨੂੰ ਨੇੜਲੀ ਦੁਕਾਨ ਵੀ ਦੱਸ ਦਿੱਤੀ, ਜਿੱਥੋਂ ਕਾਰਬਨ ਮਿਲਣੇ ਸਨ। ਠੇਕੇਦਾਰ ਅੰਕਲ ਦੀ ਗੱਲ ਸੁਣ ਕੇ ਦੁਕਾਨ ਦੀ ਦੂਰੀ ਦਾ ਅੰਦਾਜ਼ਾ ਲੈਣ ਲੱਗਾ।

"ਚਲੋ ਆਓ, ਮੈਂ ਤੁਹਾਡੇ ਨਾਲ ਚਲਦਾ ਹਾਂ, ਇੱਥੇ ਖੜ੍ਹੇ ਨੇ ਵੀ ਕੀ ਕਰਨਾ ਹੈ। "ਅੰਕਲ ਠੇਕੇਦਾਰ ਦੇ ਨਾਲ ਹੋ ਤੁਰਿਆ। ਦੋਵੇਂ ਜਣੇ ਗੱਲਾਂ ਮਾਰਦੇ ਦੁਕਾਨ ਵੱਲ ਨੂੰ ਹੋ ਤੁਰੇ ਤੇ ਇਕ ਜੋੜੀ ਕਾਰਬਨ ਲੈ ਆਏ ਕਾਰਬਨ ਲਿਆ ਕੇ ਅੰਕਲ ਨੇ ਫਿੱਟ ਕਰ ਦਿੱਤੇ ! ਗੱਡੀ, ਚਾਬੀ ਘੁੰਮਦਿਆਂ ਹੀ ਸਟਾਰਟ ਹੋ ਗਈ। "ਭਾਪੇ ਕਿੰਨੇ ਪੈਸੇ?" ਠੇਕੇਦਾਰ ਨੇ ਤੁਰਨ ਤੋਂ ਪਹਿਲਾਂ ਅੰਕਲ ਨੂੰ ਪੁੱਛਿਆ।

"ਜੋ ਦਿਲ ਕਰਦਾ ਦੇ ਦਿਓ, ਵੈਸੇ ਮੈਂ ਕੀਤਾ ਤਾਂ ਕੁਝ ਨਹੀਂ!"

"ਇਹ ਤਾਂ ਤੇਰੀ ਫ਼ਰਾਖ਼ਦਿਲੀ ਹੈ ਭਾਪੇ,ਕਿ ਤੂੰ ਇੰਨਾ ਕੁਝ ਕਰਕੇ ਵੀ ਕਹਿ ਰਿਹੈਂ, ਕੁਝ ਨਹੀਂ ਕੀਤਾ । ਮੇਰੀ ਜਾਣੇ ਤਾਂ ਤੂੰ ਬਹੁਤ ਕੁਝ ਕਰ ਦਿੱਤਾ ਹੈ। ਮੈਂ ਇੱਥੇ ਕਿਸੇ ਹੋਰ ਮਿਸਤਰੀ ਨੂੰ ਲੈ ਕੇ ਔਂਦਾ ਤਾਂ ਉਸਨੇ ਪੰਜ ਦਸ ਰੁਪਏ ਏਥੇ ਔਣ ਦੇ ਹੀ ਲੈ ਲੈਣੇ ਸਨ, ਤੇ ਗੱਡੀ ਸਟਾਰਟ ਕਰਨ ਦੇ ਵੱਖਰੇ। ਚਲੋ ਤੁਸੀਂ ਨੇੜੇ ਸੀ ਔਣ ਦੀ ਫੀਸ ਨਾ ਵੀ ਲਵੇ ਤਾਂ ਕੰਮ ਦੇ ਏਨੇ ਕੁ ਪੈਸੇ ਤਾਂ ਹੋ ਹੀ ਗਏ ਹੋਣਗੇ !" ਠੇਕੇਦਾਰ ਨੇ ਪੰਜਾਂ ਪੰਜਾਂ ਦੇ ਦੋ ਨੋਟ ਅੰਕਲ ਅੱਗੇ ਕੀਤੇ ਅੰਕਲ ਨੇ ਇਕ ਨੋਟ ਨੂੰ ਹੱਥ ਪਾਇਆ ! ਬਸ ਜੀ, ਏ ਵੀ ਬਹੁਤ ਨੇ ! ਅੰਕਲ ਨੇ ਧੰਨਵਾਦ ਕਰਦਿਆਂ ਕਿਹਾ !

"ਭਾਪੇ ਘਰ ਆਈ ਮਾਇਆ ਨਹੀਂ ਛੱਡੀ ਦੀ, ਰੱਖ ਲੈ ! 'ਠੇਕੇਦਾਰ ਨੇ ਹੱਥ ਵਿਚਲਾ ਪੰਜਾਂ ਦਾ ਨੋਟ ਵੀ ਅੰਕਲ ਦੀ ਜੇਬ ਵਿਚ ਪਾਉਣਾ ਚਾਹਿਆ । ਅੰਕਲ ਨੇ ਉਨ੍ਹਾਂ ਦਾ ਹੱਥ ਫੜਦਿਆਂ ਕਿਹਾ, "ਸਰਦਾਰ ਜੀ, ਜੇ ਹਾਂਡੀ ਦਾ ਮੂੰਹ ਖੁੱਲਾ ਹੋਵੇ ਤਾਂ ਕੁੱਤੇ ਨੂੰ ਹੀ ਕੁਝ ਸ਼ਰਮ ਕਰਨੀ ਚਾਹੀਦੀ ਹੈ। ਮੈਂ ਤਾਂ ਪਹਿਲਾਂ ਹੀ ਆਪਣੀ ਮਿਹਨਤ ਤੋਂ ਵੱਧ ਪੈਸੇ ਲੈ ਲਏ ਨੇ ! ਤੁਹਾਡਾ ਬਹੁਤ ਬਹੁਤ ਧੰਨਵਾਦ, ਤੁਸੀਂ ਮੈਨੂੰ ਸੇਵਾ ਦਾ ਮੌਕਾ ਦਿੱਤਾ। ਆਂਦੇ ਜਾਂਦੇ

ਮਿਲਦੇ ਰਿਹਾ ਕਰਿਓ, ਬੜਾ ਚੰਗਾ ਲੱਗੇਗਾ !

ਠੇਕੇਦਾਰ ਚਲੇ ਗਿਆ ਤਾਂ ਮੈਂ ਅੰਕਲ ਨੂੰ ਕਿਹਾ, "ਤੁਸੀਂ ਵੀ ਕਮਾਲ ਦੇ ਬੰਦੇ ਹੋ,ਅੱਜ ਦੇ ਜ਼ਮਾਨੇ 'ਚ ਪੈਸੇ ਤੋਂ ਮੂੰਹ ਮੋੜ ਰਹੇ ਹੋ !ਠੇਕੇਦਾਰ ਜੋ ਦੇ ਰਿਹਾ ਸੀ ਚੁੱਪ ਕਰਕੇ ਰੱਖ ਲੈਣਾ ਸੀ।ਤੁਹਾਡੀ ਜਗ੍ਹਾ ਮੈਂ ਹੁੰਦਾ ਤਾਂ ਕਦੇ ਵੀ ਨਾਂਹ ਨਾ ਕਰਦਾ !" "ਕਾਕਾ ਤੂੰ ਨਹੀਂ ਸਮਝੇਗਾ ਇਨ੍ਹਾਂ ਗੱਲਾਂ ਨੂੰ, ਪੈਸਾ ਹੀ ਸਭ ਕੁਝ ਨਹੀਂ ਹੈ ਜ਼ਿੰਦਗੀ ਵਿਚ, ਪੈਸੇ ਨਾਲ ਬਣਾਈ ਇੱਜ਼ਤ ਪੈਸੇ ਦੇ ਨਾਲ ਹੀ ਚਲੇ ਜਾਂਦੀ ਹੈ। ਚੰਗੇ ਵਿਹਾਰ ਨਾਲ ਬਣੀ ਇੱਜ਼ਤ ਕਦੇ ਪੱਲਾ ਨਹੀਂ ਛੱਡਦੀ, ਹਮੇਸ਼ਾਂ ਰਹਿੰਦੀ ਹੈ !" ਅੰਕਲ ਦੀ ਗੱਲ ਸੁਣ ਕੇ ਮੈਂ ਕੁਝ ਨਾ ਕਹਿ ਸਕਿਆ !

ਇਹ ਉਨ੍ਹਾਂ ਦੀ ਪਹਿਲੀ ਮਿਲਣੀ ਸੀ,ਜੋ ਉਨ੍ਹਾਂ ਦੋਹਾਂ ਨੂੰ ਆਪਸ ਵਿਚ ਵਿਹਾਰੀਂ ਜੋੜ ਗਈ ! ਠੇਕੇਦਾਰ ਨੂੰ ਅੰਕਲ ਦੇ ਸੱਚ ਦੇ ਭਰੋਸੇ ਨੇ ਜਿੱਤ ਲਿਆ ਠੇਕੇਦਾਰ ਹੁਰਾਂ ਦਾ ਪੰਜੀ ਸੱਤੀ ਦਿਨੀਂ ਗੇੜਾ ਲੱਗਦਾ ਰਹਿੰਦਾ, ਤੇ ਇਕ ਦੂਜੇ ਨਾਲ ਦੁਆ ਸਲਾਮ ਹੁੰਦੀ ਰਹਿੰਦੀ !ਇਕ ਦਿਨ ਠੇਕੇਦਾਰ ਨੇ ਅੰਕਲ ਨੂੰ ਕਿਹਾ, "ਤੁਸੀਂ ਕੋਈ ਦੁਕਾਨ ਕਿਉਂ ਨਹੀਂ ਲੈ ਲੈਂਦੇ।

"ਏਨੇ ਪੈਸੇ ਕਿੱਥੇ ਹਨ ਸਰਦਾਰ ਜੀ ! ਚਾਰ ਚਾਰ ਪੰਜ ਪੰਜ ਹਜ਼ਾਰ ਰੁਪਿਆ ਤਾਂ ਪਗੜੀ ਦਾ ਹੀ ਮੰਗਦੇ ਨੇ ਛੋਟੀ ਜਿਹੀ ਦੁਕਾਨ ਦਾ,ਤੇ ਪੰਜਾਹ ਸੱਠ ਰੁਪਏ ਕਿਰਾਇਆ, ਕਿੱਥੋਂ ਦੇ ਹੋਣਾ ਸਭ ਕੁਝ?" ਅੰਕਲ ਮਾਯੂਸ ਹੋ ਕੇ ਬੋਲਿਆ !"ਤੁਸੀਂ ਇੱਥੇ ਕਿੰਨੇ ਪੈਸੇ ਕਮਾ ਲੈਂਦੇ ਹੋ,ਤੇ ਘਰ ਦਾ ਖਰਚ ਕਿੰਨਾ ਹੈ?" ਠੇਕੇਦਾਰ ਬੈਠ ਗਏ ਅੰਕਲ ਨਾਲ ਹਿਸਾਬ ਕਰਨ !

"ਸਰਦਾਰ ਜੀ ਕਮਾਈ ਕੋਈ ਬੱਝੀ ਤਾਂ ਹੈ ਨਹੀਂ,ਫਿਰ ਵੀ,ਦੋ ਸੌ ਤੱਕ ਬਣ ਹੀ ਜਾਂਦੇ ਹਨ ਮਹੀਨੇ ਦੇ ਕਦੇ ਘੱਟ ਵੀ ਤੇ ਕਦੇ ਜ਼ਿਆਦਾ ਵੀ ! ਖਰਚਾ ਮੇਰਾ ਤੀਹ ਰੁਪਏ ਖੋਲੀ ਦਾ ਕਿਰਾਇਆ,ਵੀਹ ਪੰਝੀ ਰੁਪਏ ਰੋਟੀ ਦਾ ਤੇ ਤੀਹ ਕੁ ਰੁਪਏ ਚਾਹ ਪਾਣੀ ਤੇ ਖਰਚ ਹੋ ਜਾਂਦੇ ਨੇ ! ਹਫਤੇ ਪੰਦਰੀਂ ਦਿਨੀਂ ਕੁਝ ਲੋਫਰ ਲੋਕ ਆ ਜਾਂਦੇ ਨੇ ਉਨ੍ਹਾਂ ਨੂੰ ਵੀ ਕੁਝ ਦੇਣਾ ਪੈਂਦਾ ਹੈ ! ਹੁਣ ਘਰੋਂ ਬੱਚਿਆਂ ਨੂੰ ਲੈ ਕੇ ਆਉਣਾ, ਖਰਚ ਹੋਰ ਵੀ ਵਧ ਜਾਣਾ !ਜੇ ਦੁਕਾਨ ਲਵਾਂ ਤਾਂ ਉਸ ਦਾ ਕਿਰਾਇਆ ਵੀ ਗਲ ਪੈ ਜਾਣਾ ਫਿਰ ਕਿੱਦਾਂ ਹੋਣਗੇ ਸਾਰੇ ਖਰਚੇ ਪੂਰੇ !"

'ਹਾਂ ਇਹ ਠੀਕ ਹੈ, ਦੁਕਾਨ ਦਾ ਕਿਰਾਇਆ ਦੇਣਾ ਪਏਗਾ,ਪਰ ਉਸ ਨਾਲ ਤੁਹਾਨੂੰ ਇਹ ਸਮਾਨ ਤਾਂ ਰੋਜ਼ ਰੋਜ਼ ਲਿਆਉਣਾ ਤੇ ਲੈ ਜਾਣਾ ਨਹੀਂ ਪਏਗਾ ! ਫਿਰ ਦਾਦਾ ਕਿਸਮ ਦੇ ਲੋਕ ਵੀ ਤੰਗ ਨਹੀਂ ਕਰਨਗੇ ! ਦੁਕਾਨ ਉੱਤੇ ਕੰਮ ਵੀ ਜ਼ਿਆਦਾ ਆਏਗਾ ! ਸੜਕ ਉੱਤੇ ਭਾਵੇਂ ਕਿੰਨਾ ਵੱਡਾ ਕਾਰੀਗਰ ਬੈਠਾ ਹੋਵੇ, ਲੋਕ ਉਸ ਉੱਤੇ ਭਰੋਸਾ ਨਹੀਂ ਕਰਦੇ, ਮਜਬੂਰੀ ਨੂੰ ਭਾਵੇਂ ਕੋਈ ਆ ਜਾਵੇ ! ਤੁਸੀਂ ਮਿਹਨਤੀ ਹੋ ਤੇ ਕੰਮ ਵਿਚ ਪਰਪੱਕ ਦੇ ਨਾਲ ਇਮਾਨਦਾਰ ਵੀ ! ਜਿੱਥੇ ਕਿਤੇ ਤੁਹਾਨੂੰ ਠੀਕ ਲੱਗੇ ਤੁਸੀਂ ਦੁਕਾਨ ਜ਼ਰੂਰ ਦੇਖੋ, ਜੋ ਵੀ ਮੈਥੋਂ ਸਰਿਆ ਮੈਂ ਤੁਹਾਡੀ ਮੱਦਦ ਕਰਾਂਗਾ ! ਇੰਨੀ ਗੱਲ ਕਹਿ ਕੇ ਉਹ ਚਲੇ ਗਏ !

"ਅੰਕਲ, ਠੇਕੇਦਾਰ ਨਾਲ ਤੁਹਾਡਾ ਕੋਈ ਪਿਛਲੇ ਜਨਮ ਦਾ ਹਿਸਾਬ ਕਿਤਾਬ ਹੈ ਸ਼ਾਇਦ,ਉਹ ਹੁਣ ਪੂਰਾ ਕਰਨਾ ਚਾਹੁੰਦਾ। ਉਹ ਤੁਹਾਡਾ ਅੱਗਾ ਸੁਆਰਨ ਦੀ ਕੋਸ਼ਿਸ਼ ਕਰ



ਰਿਹਾ ਹੈ,ਤੁਸੀਂ ਨਾਂਹ ਨਾ ਕਰੋ, ਖਰਚੇ ਪੂਰੇ ਹੋ ਜਾਣਗੇ। "ਹਾਂ, ਇਹ ਸਭ ਰੱਬ ਦੇ ਰੰਗ ਹਨ, ਉਹੀ ਵਸੀਲੇ ਪੈਦਾ ਕਰਦਾ ਹੈ ! ਸ਼ਾਇਦ ਸਰਦਾਰ ਜੀ ਦੀ ਹਿੰਮਤ ਸਦਕਾ ਹੀ ਮੇਰਾ ਕੁਝ ਬਣਨਾ ਹੋਵੇ !" ਅੰਕਲ ਨੇ ਆਸਮਾਨ ਵੱਲ ਦੇਖਦਿਆਂ ਮੁਸਕੁਰਾਹਟ ਭਰੇ ਅੰਦਾਜ਼ 'ਚ ਕਿਹਾ !

ਉਸ ਤੋਂ ਬਾਦ ਜਦੋਂ ਵੀ ਠੇਕੇਦਾਰ ਏਧਰ ਆਏ,ਉਨ੍ਹਾਂ ਦੁਕਾਨ ਦੀ ਯਾਦ ਦੁਆਈ ! ਅੰਕਲ ਕੋਲ ਬੈਠ ਕੇ ਘੰਟਾ ਘੰਟਾ ਕੰਮ ਬਾਰੇ ਗੱਲਾਂ ਕਰਦੇ ਰਹਿੰਦੇ ! ਉਨ੍ਹਾਂ ਦੀ ਗੱਡੀ ਮਾੜੀ ਜਿਹੀ ਵੀ ਬਿਮਾਰ ਹੁੰਦੀ ਤਾਂ ਸਿੱਧੇ ਖਾਰ ਤੋਂ ਮਹਾਂਲਸ਼ਮੀ ਅੰਕਲ ਕੋਲ ਹੀ ਲੈ ਕੇ ਆਉਂਦੇ ! ਅੰਕਲ ਤੇ ਮੈਂ ਜਦੋਂ ਵੀ ਵਿਹਲੇ ਹੁੰਦੇ, ਉਹ ਮੈਨੂੰ ਆਪਣੀ ਪਿਛਲੀ ਜ਼ਿੰਦਗੀ ਵਾਰੇ ਦੱਸਣ ਲੱਗ ਪੈਂਦੇ। 'ਉਨ੍ਹਾਂ ਦੇ ਬਜ਼ੁਰਗ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਦਾਦਾ ਜੀ ਗੁਜ਼ਰਾਂਵਾਲੇ ਕੰਮ ਕਰਨ ਗਏ ਤਾਂ ਉੱਥੋਂ ਦੇ ਹੀ ਹੋ ਕੇ ਰਹਿ ਗਏ ! ਅੰਕਲ ਦਾ ਜਨਮ ਉੱਥੇ ਦਾ ਹੀ ਹੈ ! ਅੰਕਲ ਨੇ ਜਦੋਂ ਹੋਸ਼ ਸੰਭਾਲੀ ਤੇ ਦਸਵੀਂ ਪਾਸ ਕਰਨ ਤੋਂ ਬਾਦ ਜਦੋਂ ਕੰਮ ਕਰਨ ਦੀ ਵਾਰੀ ਆਈ ਤਾਂ ਅੰਕਲ ਨੂੰ ਆਪਣਾ ਜੱਦੀ ਕੰਮ ਪਸੰਦ ਨਾ ਆਇਆ, ਤੇ ਦਿਲਚਸਪੀ ਆਟੋ ਮਕੈਨਿਕ ਵੱਲ ਨੂੰ ਹੋ ਗਈ ! ਇਹੋ ਕੰਮ ਸਿੱਖਣ ਲੱਗ ਪਏ !ਜਦੋਂ ਇਨ੍ਹਾਂ ਦੇ ਮਾਤਾ ਪਿਤਾ, ਇਨ੍ਹਾਂ ਦੇ ਵਿਆਹ ਵਾਰੇ ਸੋਚਣ ਲੱਗੇ ਤਾਂ ਮੁਲਕ ਦਾ ਰਾਜਸੀ ਮਾਹੌਲ ਵਿਗੜਨ ਲੱਗ ਪਿਆ ! ਵਿਆਹ ਦੀ ਗੱਲ ਵਿਚੇ ਰਹਿ ਗਈ ! ਦੇਖਦਿਆਂ ਹੀ ਦੇਖਦਿਆਂ ਹਿੰਦੂ ਮੁਸਲਮਾਨਾ ਵਿਚ ਵੱਢ ਵਢਾਂਗਾ ਸ਼ੁਰੂ ਹੋ ਗਿਆ ! ਅੰਕਲ ਦਾ ਪਰਿਵਾਰ ਕਿਸੇ ਤਰ੍ਹਾਂ ਬਚ ਬਚਾ ਕੇ ਅੰਮ੍ਰਿਤਸਰ ਪਹੁੰਚ ਗਿਆ !

ਹੌਲੀ ਹੌਲੀ ਉਨ੍ਹਾਂ ਦੇ ਘਰਾਂ ਦੀ ਫਿਰ ਤੋਂ ਸੈਟਿੰਗ ਵੀ ਹੁਣ ਲੱਗ ਪਈ । ਕੰਮ ਦੀ ਗੱਡੀ ਠੀਕ ਨਾ ਚੱਲੀ ਅੰਕਲ ਦੀ ਸ਼ਾਦੀ ਵੀ ਹੋ ਗਈ ਸੀ, ਪਰ ਰੁਜ਼ਗਾਰ ਠੀਕ ਤਰਾਂ ਨਾ ਚੱਲ ਸਕਿਆ, ਸ਼ਾਦੀ ਤੋਂ ਸਾਲ ਬਾਦ ਹੀ ਬੱਚਾ ਵੀ ਹੋ ਗਿਆ,ਜਿਸ ਕਰਕੇ ਗੁਜ਼ਾਰਾ ਹੋਰ ਵੀ ਮੁਸ਼ਕਲ ਹੋਣ ਲੱਗਾ। ਅੰਕਲ ਦਾ ਮਨ ਅੰਮ੍ਰਿਤਸਰ ਤੋਂ ਉੱਠ ਗਿਆ। ਅੰਕਲ ਨੇ ਪਰਿਵਾਰ ਨਾਲ ਸਲਾਹ ਕੀਤੀ ਤੇ ਮੁੰਬਈ ਜਾਣ ਦਾ ਫੈਂਸਲਾ ਕਰ ਲਿਆ।

ਮੁੰਬਈ ਵਿਚ ਅੰਕਲ ਦਾ ਕੋਈ ਖਾਸ ਵਾਕਫ਼ ਦਾ ਹੈ ਨਹੀ ਸੀ। ਅੰਕਲ ਕਈ ਦਿਨ ਦਾਦਰ ਗੁਰਦੁਆਰੇ ਰਿਹਾ ਉਸ ਨੂੰ ਪਤਾ ਨਾ ਲੱਗੇ ਕਿ ਉਹ ਕੀ ਕਰੇ ਮੁੰਬਈ ਚ ਸਭ ਤੋਂ ਵੱਡੀ ਮੁਸ਼ਕਲ ਤਾਂ ਰਹਿਣ ਦੀ ਹੀ ਹੈ। ਇਕ ਦਿਨ ਫਿਰਦਿਆਂ ਅੰਕਲ ਨੂੰ ਇਕ ਆਦਮੀ ਮਿਲ ਗਿਆ ਜੋ ਅੰਮ੍ਰਿਤਸਰ ਅੰਕਲ ਨਾਲ ਉਸੇ ਫੈਕਟਰੀ ਚ ਕੰਮ ਕਰਦਾ ਸੀ। ਆਪਣੇ ਨਾਲ ਆਪਣੀ ਖੋਲੀ ਚ ਲੈ ਗਿਆ। ਚਰਨ ਸਿੰਘ ਮੇਰੇ ਨਾਲ ਦੀ ਖੋਲੀ ਵਿਚ ਇਕੱਲਾ ਹੀ ਰਹਿੰਦਾ ਸੀ। ਚਰਨ ਸਿੰਘ ਨੇ ਅੰਕਲ ਨੂੰ ਆਪਣੇ ਨਾਲ ਹੀ ਰਹਿਣ ਨੂੰ ਕਿਹਾ ਅੰਕਲ ਮੰਨ ਗਏ !ਅੰਕਲ ਨੂੰ ਤਾਂ ਪਹਿਲਾਂ ਹੀ ਕਿਸੇ ਠਾਹਰ ਦੀ ਜ਼ਰੂਰਤ ਸੀ ! ਨਾ ਕਹਿਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੋ ਸਕਦਾ। ਚਰਨ ਨੂੰ ਵੀ ਅੰਕਲ ਦਾ ਆਸਰਾ ਹੋ ਗਿਆ, ਇਕ ਤੋਂ ਭਲੇ ਦੋ। ਫਿਰ ਚਰਨ ਨੇ ਅੰਕਲ ਨੂੰ ਸਲਾਹ ਦਿੱਤੀ ਕਿ ਉਹ ਖੋਲੀ ਦੇ ਨੇੜੇ ਸੜਕ ਉੱਤੇ ਹੀ ਹੋਰਨਾ ਵਾਂਗੂ ਟਾਟ ਵਿਛਾ ਕੇ ਤੇ ਸੰਦ ਰੱਖਕੇ ਆਪਣਾ ਕੰਮ ਚਲਾ ਲਵੇ ! ਫਿਰ ਕੋਈ ਹੋਰ

ਠਾਹਰ ਦੇਖ ਲਵਾਂਗੇ ! ਅੰਕਲ ਵੀ ਕਈ ਦਿਨ ਘੁੰਮਦਾ ਦੇਖਦਾ ਰਿਹਾ ਸੀ , ਲੋਕਾਂ ਨੇ ਸੜਕ ਕੰਢੇ ਟਾਟ ਜਾਂ ਹੋਰ ਕੱਪੜਾ ਵਿਛਾ ਕੇ ਆਪਣਾ ਸਾਮਾਨ ਵੇਚ ਰਹੇ ਸਨ ! ਸੋ ਅੰਕਲ ਨੇ ਵੀ ਚਰਨ ਨਾਲ ਚੋਰ ਬਜ਼ਾਰ ਜਾ ਕੇ ਇਕ ਤਰਪਾਲ ਦਾ ਟੋਟਾ ਲਿਆਂਦਾ ਤੇ ਆਪਣੀ ਖੋਲੀ ਦੇ ਨੇੜੇ ਹੀ ਸੜਕ ਕੰਢੇ ਵਿਛਾ ਕੇ ਆਪਣੇ ਸੰਦ ਰੱਖ ਲਏ !

ਪੰਜਾਂ ਛੇਆਂ ਮਹੀਨਿਆਂ ਚ ਹੀ ਅੰਕਲ ਦੀ ਆਲੇ ਦੁਆਲੇ 'ਚ ਪਹਿਚਾਨ ਹੋ ਗਈ। ਘਰ ਭੇਜਣ ਜੋਗੇ ਪੈਸੇ ਉਹ ਕੁਮੌਣ ਲੱਗ ਕਮਾਉਣ ਪਿਆ ਸੀ ! ਚਰਨ ਨੂੰ ਘਰੋਂ ਵਾਰ ਵਾਰ ਸੱਦੇ ਆ ਰਹੇ ਸਨ ਕਿ ਉਹ ਵਾਪਸ ਆ ਜਾਏ ! ਉਨ੍ਹਾਂ ਦੇ ਘਰ ਕੋਲ ਜੋ ਟੈਕਨੀਕਲ ਕਾਲਜ ਖੁੱਲਾ ਸੀ ਉਥੇ ਬਹੁਤ ਰੌਣਕ ਹੋਣ ਕਰਕੇ ਬਾਪੂ ਦੀ ਦੁਕਾਨ ਦੀ ਗਾਹਕੀ ਵਧ ਗਈ ਹੈ ਇਸ ਕਰਕੇ ਬਾਪੂ ਨਾਲ ਇਕ ਹੋਰ ਆਦਮੀ ਦੀ ਸਖਤ ਜ਼ਰੂਰਤ ਹੈ ! ਚਰਨ ਜਿੱਥੇ ਕੰਮ ਕਰਦਾ ਸੀ ਉੱਥੇ ਰਾਤ ਦੀ ਸ਼ਿਫਟ ਜ਼ਿਆਦਾ ਚਲਦੀ ਸੀ,ਰਾਤ ਨੂੰ ਜਾਗਣ ਨਾਲ ਚਰਨ ਦੀ ਸਿਹਤ ਵਿਗੜ ਜਾਂਦੀ ਸੀ ! ਉਹ ਕਈ ਵਾਰ ਕੰਮ ਛੱਡਣ ਬਾਰੇ ਸੋਚ ਚੁੱਕਾ ਸੀ ! ਹੁਣ ਉਸ ਨੇ ਪੱਕਾ ਮਨ ਬਣਾ ਲਿਆ ਵਾਪਸ ਜਾਣ ਦਾ !

"ਸੇਵਕ ਸਿੰਘ, ਮੈਂ ਕੰਮ ਛੱਡ ਕੇ ਪਿੰਡ ਜਾ ਰਿਹਾ ਹਾਂ ਜੇ ਤੂੰ ਇਸੇ ਖੋਲੀ ਵਿਚ ਰਹਿਣਾ ਹੈ ਤਾਂ ਹਜ਼ਾਰ ਰੁਪਿਆ ਮੈਨੂੰ ਦੇ ਦੇ, ਪਗੜੀ ਦਾ ਮੈਂ ਦਿੱਤਾ ਹੋਇਆ,ਤੂੰ ਮਾਲਕ ਨੂੰ ਕਿਰਾਇਆ ਦਿੰਦਾ ਰਹੀ ! ਜੇ ਤੂੰ ਹੋਰ ਕਿਤੇ ਜਾ ਕੇ ਰਹਿਣਾ ਤਾਂ ਮੈਂ ਮਾਲਕ ਕੋਲੋਂ ਪੈਸੇ ਲੈ ਲਵਾਂਗਾ, ਤੈਨੂੰ ਖੋਲੀ ਖਾਲੀ ਕਰਨੀ ਪਏਗੀ !" ਚਰਨ ਭਾਈ ਮੈਂ ਤੈਨੂੰ ਪੈਸੇ ਦੇ ਦਿਆਂਗਾ, ਮੈ ਹੋਰ ਕਿੱਥੇ ਜਾਣਾ !" ਇਸ ਤਰ੍ਹਾਂ ਚਰਨ ਪਿੰਡ ਚਲੇ ਗਿਆ ਤੇ ਅੰਕਲ ਖੋਲੀ ਚ ਕੱਲਾ ਰਹਿ ਗਿਆ ! ਮੇਰਾ ਪੱਕਾ ਗਵਾਂਢੀ ਬਣ ਗਿਆ। ਅੰਕਲ ਨੂੰ ਤਿੰਨ ਸਾਲ ਹੋ ਚੱਲੇ ਸਨ ਬੰਬਈ ਆਇਆਂ, ਹੁਣ ਉਸ ਕੋਲ ਟੈਕਸੀਆਂ ਵਾਲੇ ਆਉਣ ਲੱਗ ਪਏ ਸਨ !ਅੰਕਲ ਰਾਤ ਦੇ ਗਿਆਰਾਂ ਬਾਰਾਂ ਵਜੇ ਤੱਕ ਬੈਠਾ ਰਹਿੰਦਾ ਆਪਣੇ ਅੱਡੇ ਤੇ ! ਹੁਣ ਉਸ ਨੇ ਬੈਂਕ ਚ ਖਾਤਾ ਵੀ ਖੋਲ੍ਹ ਲਿਆ ਸੀ ਤੇ ਹੌਲੀ ਹੌਲੀ ਘਰ ਦੀ ਵਰਤੋਂ ਦਾ ਸਾਮਾਨ ਵੀ ਬਣਾ ਰਿਹਾ ਸੀ ਤੇ ਆਪਣੀ ਬੀਵੀ ਬੱਚੇ ਨੂੰ ਲਿਆਉਣ ਦੀ ਤਿਆਰੀ ਕਰ ਰਿਹਾ ਸੀ ! ਠੇਕੇਦਾਰ ਦੀ ਹੱਲਾਸ਼ੇਰੀ ਨੇ ਅੰਕਲ ਨੂੰ ਬਹੁਤ ਹਿੰਮਤ ਦੇ ਦਿੱਤੀ ਸੀ।

ਦੁਕਾਨ ਦੀ ਭਾਲ ਕਰਦਿਆਂ ਕਾਫੀ ਦਿਨ ਨਿਕਲ ਗਏ ! ਫਿਰ ਜਦੋਂ ਠੇਕੇਦਾਰ ਆਏ ਤਾਂ ਅੰਕਲ ਨੇ ਉਨ੍ਹਾਂ ਨੂੰ ਇਕ ਦੁਕਾਨ ਵਾਰੇ ਦੱਸਿਆ ! ਠੇਕੇਦਾਰ ਨੇ ਨਾਲ ਜਾ ਕੇ ਦੁਕਾਨ ਦੇਖੀ, ਉਨ੍ਹਾਂ ਨੂੰ ਦੁਕਾਨ ਠੀਕ ਲੱਗੀ, ਉਨ੍ਹਾਂ ਮਾਲਕ ਨਾਲ ਗੱਲ ਕੀਤੀ ! ਚਾਰ ਹਜ਼ਾਰ ਰੁਪਏ ਪਗੜੀ ਤੇ ਚਾਲੀ ਰੁਪਏ ਕਿਰਾਇਆ, ਗੱਲ ਪੱਕੀ ਹੋ ਗਈ। ਠੇਕੇਦਾਰ ਨੇ ਪੰਤਾਲੀ ਸੌ ਰੁਪਈਆ ਮਾਲਕ ਨੂੰ ਦੇ ਰਸੀਦ ਲੈ ਲਈ, ਜਿਸ ਵਿਚ ਚਾਰ ਹਜ਼ਾਰ ਪਗੜੀ ਇਕ ਸਾਲ ਦਾ ਅਡਵਾਂਸ ਕਿਰਾਇਆ ਤੇ ਬਚਦੇ ਵੀਹ ਰੁਪਏ ਬਿਜਲੀ ਦੇ ਬਿੱਲ ਵਿਚ ਅਡਜੈਸਟ ਕਰਨ ਲਈ ਕਹਿ ਦਿੱਤਾ !

ਦੂਜੇ ਦਿਨ ਅੰਕਲ ਨੇ ਦੁਕਾਨ ਦੀ ਸਾਫ਼ ਸਫ਼ਾਈ ਕਰਕੇ ਆਪਣੇ ਸੰਦ ਕਿਆ ਕੇ ਸਜਾ ਲਏ ! ਬਾਬਾ ਨਾਨਕ ਅਤੇ ਬਾਬਾ ਜੋ ਵਿਸ਼ਵਕਰਮਾ ਦੀਆਂ ਫੋਟੋ ਲਿਆ ਕੇ ਵੀ ਬਾਂਕ



ਵਾਲੇ ਮੇਜ ਦੇ ਉੱਤੇ ਕਰਕੇ ਟੰਗ ਦਿੱਤੀਆਂ ! ਫਿਰ ਉਨ੍ਹਾਂ ਅੱਗੇ ਧੂਫ ਬਾਲ ਕੇ ਅਰਦਾਸ ਕੀਤੀ ਤੇ ਪ੍ਰਸ਼ਾਦ ਵੰਡ ਕੇ ਕੰਮ ਚਾਲੂ ਕਰ ਦਿੱਤਾ ! ਸੜਕ ਕੰਢੇ ਵਾਲੇ ਗਾਹਕ ਹੌਲੀ ਹੌਲੀ ਦੁਕਾਨ 'ਤੇ ਔਣ ਲੱਗ ਪਏ ! ਅੰਕਲ ਨੇ ਦੋ ਮੁੰਡੇ ਵੀ ਮੱਦਦ ਲਈ ਨਾਲ ਰੱਖ ਲਏ ! ਹੁਣ ਇਕ ਦੋ ਗੱਡੀਆਂ ਹਰ ਵੇਲੇ ਅੰਕਲ ਦੀ ਦੁਕਾਨ ਅੱਗੇ ਖੜ੍ਹੀਆਂ ਰਹਿੰਦੀਆਂ ! ਅੰਕਲ ਦੇ ਕੰਮ ਦੀ ਕੁਆਲਿਟੀ ਨੇ ਦੂਰ ਦੂਰ ਤੱਕ ਅੰਕਲ ਦੀ ਮਸ਼ਹੂਰੀ ਕਰ ਦਿੱਤੀ, ਦੂਰੋਂ ਦੂਰੋਂ ਕੰਮ ਅੰਕਲ ਦੀ ਦੁਕਾਨ ਤੇ ਔਣ ਲੱਗਾ ! ਕਈ ਵਾਰ ਅਜਿਹੇ ਗਾਹਕ ਵੀ ਆ ਜਾਂਦੇ ਜੋ ਕੰਮ ਕਰਾ ਕੇ ਪੈਸੇ ਦੀ ਮਜਬੂਰੀ ਦੱਸਦੇ ! "ਚੱਲ ਫੇਰ ਦੇ ਜਾਵੀ, ਵਾਹਿਗੁਰੂ ਤੇਰਾ ਭਲਾ ਕਰੇ ! "ਕਹਿ ਕੇ ਅੰਕਲ ਉਨ੍ਹਾਂ ਨੂੰ ਤੋਰ ਦਿੰਦਾ ! ਕਈ ਤਾਂ ਸੱਚ ਹੀ ਮਜ਼ਬੂਰ ਹੁੰਦੇ, ਪਰ ਕਈ ਤਾਂ ਅੰਕਲ ਦੀ ਸ਼ਰਾਫਤ ਦਾ ਗਲਤ ਲਾਭ ਲੈ ਜਾਂਦੇ !

ਅੰਕਲ ਹੁਣ ਪੂਰੀ ਤਰ੍ਹਾਂ ਮੁੰਬਈ ਦਾ ਹੋ ਗਿਆ ਸੀ ! ਉਸਦੇ ਤਿੰਨੋ ਬੱਚੇ ਚੰਗੇ ਸਕੂਲਾਂ ਚ ਪੜ੍ਹ ਰਹੇ ਸਨ ! ਦੁਕਾਨ ਉੱਤੇ ਵੀ ਹੁਣ ਅੰਕਲ ਨਾਲ ਪੰਜ ਛੇ ਮੁੰਡੇ ਕੰਮ ਕਰਦੇ ਸਨ ,ਤੇ ਅੰਕਲ ਨੇ ਖੋਲੀ ਛੱਡ ਕੇ ਇਕ ਸੁਸਾਇਟੀ ਵਿਚ ਆਪਣਾ ਘਰ ਲੈ ਲਿਆ ਸੀ ! ਠੇਕੇਦਾਰ ਨਾਲ ਗੂੜ੍ਹੇ ਸਬੰਧ ਹੋ ਗਏ ਸਨ। ਦੋਵੇਂ ਪਰਿਵਾਰ ਇਕ ਦੂਜੇ ਦੇ ਘਰੀਂ ਆਉਂਦੇ ਜਾਂਦੇ ਸਨ ਤੇ ਇਕ ਦੂਜੇ ਦੇ ਦੁੱਖ-ਸੁੱਖ ਵਿਚ ਸਹਾਈ ਹੁੰਦੇ ਸਨ ! ਇਕ ਵਾਰ ਅੰਕਲ ਦੇ ਘਰ ਚੋਰੀ ਹੋ ਗਈ ਤੇ ਦੁਕਾਨ ਨੂੰ ਅੱਗ ਲੱਗ ਗਈ, ਠੇਕੇਦਾਰ ਨੇ ਅੱਗੇ ਹੋ ਕੇ ਮੱਦਦ ਕੀਤੀ ! ਅੰਕਲ ਦਾ ਭਰੋਸਾ ਆਪਣੇ ਵਾਹਿਗੁਰੂ ਤੇ ਹਮੇਸ਼ਾਂ ਬਣਿਆ ਰਿਹਾ, ਉਸ ਨੇ ਕਦੇ ਵੀ ਕਿਸੇ ਨੂੰ ਬੁਰਾ ਭਲਾ ਨਹੀਂ ਕਿਹਾ ! "ਵਾਹਿਗੁਰੂ ਭਲੀ ਹੀ ਕਰਦਾ ਹੈ !" ਅੰਕਲ ਹਮੇਸ਼ਾਂ ਇਹੋ ਕਹਿੰਦਾ ! ਸ਼ਾਇਦ ਇਹੋ ਭਰੋਸਾ ਉਸ ਦੇ ਸੁਖੀ ਜੀਵਨ ਦਾ ਰਾਜ਼ ਸੀ !

ਜਦੋਂ ਕਿਤੇ ਮੇਰੇ ਕੋਲ ਕੰਮ ਨਾ ਹੁੰਦਾ ਤਾਂ ਮੈਂ ਅੰਕਲ ਕੋਲ ਹੀ ਬੈਠਾ ਰਹਿੰਦਾ !ਉਹ ਮੈਨੂੰ ਆਪਣੀ ਜ਼ਿੰਦਗੀ 'ਚ ਆਈਆਂ ਔਖਿਆਈਆਂ ਵਾਰੇ ਦਸਦੇ ਰਹਿੰਦੇ ਤੇ ਮੈਨੂੰ ਇਮਾਨਦਾਰੀ ਨਾਲ ਆਪਣੇ ਕੰਮ ਵਿਚ ਲੱਗੇ ਰਹਿਣ ਨੂੰ ਕਹਿੰਦੇ, ਚਾਹੇ ਮਾਲਕ ਕੋਲ ਹੋਵੇ ਜਾਂ ਨਾ ਹੋਵੇ ! ਮੈਨੂੰ ਉਨ੍ਹਾਂ ਦੀਆਂ ਗੱਲਾਂ ਤੋਂ ਬਹੁਤ ਹੌਸਲਾ ਮਿਲਦਾ ! ਮੇਰੇ ਬੈਠਿਆਂ ਇਕ ਸੱਜਣ ਗੱਡੀ ਦਾ ਕੰਮ ਕਰੌਣ ਆਇਆ ! ਮੈਂ ਕਈ ਦਿਨਾ ਤੋਂ ਵਿਹਲਾ ਸੀ ! ਅੰਕਲ ਨੇ ਮੈਨੂੰ ਆਪਣੀ ਸ਼ਿਫਾਰਸ਼ ਨਾਲ ਉਸ ਦੀ ਵਰਕਸ਼ਾਪ ਵਿਚ ਕੰਮ ਤੇ ਲੁਆਇਆ ! ਉਸ ਨੂੰ ਮੇਰਾ ਕੰਮ ਪਸੰਦ ਆਇਆ ਤਾਂ ਉਸਨੇ ਮੈਨੂੰ ਪੱਕਾ ਹੀ ਆਪਣੀ ਵਰਕਸ਼ਾਪ ਵਿਚ ਰੱਖ ਲਿਆ !

ਇਕ ਦਿਨ ਮੈਂ ਦੋ ਵਜੇ ਆਪਣੇ ਕੰਮ ਤੋਂ ਵਿਹਲਾ ਹੋ ਗਿਆ ! ਨਹਾ ਧੋ ਕੇ ਅੰਕਲ ਵੱਲ ਚਲੇ ਗਿਆ ! ਕੀ ਦੇਖਦਾ ਹਾਂ,ਉਹ ਤਿਆਰ ਹੋਏ ਬੈਠੇ ਸਨ ! ਮੈਨੂੰ ਦੇਖਦਿਆਂ ਹੀ ਉਹ ਖੁਸ਼ ਹੋ ਗਏ,ਜਿਵੇਂ ਮੇਰੀ ਹੀ ਉਡੀਕ ਵਿਚ ਬੈਠੇ ਹੋਣ ! "ਬਹੁਤ ਚੰਗਾ ਹੋਇਆ ਤੂੰ ਆ ਗਿਆਂ ਜੁਗਿੰਦਰ", ਅੰਕਲ ਨੇ ਉੱਠ ਕੇ ਮੈਨੂੰ ਆਪਣੇ ਕਲਾਵੇ ਵਿਚ ਲੈ ਲਿਆ ! ਮੈਂ ਹੈਰਾਨ ਜਿਹਾ ਹੋਇਆ ਸੋਚ ਰਿਹਾ ਸਾਂ ਕਿ ਅੱਜ ਕੀ ਗੱਲ ਹੈ? ਉਨ੍ਹਾਂ ਮੈਨੂੰ ਬੈਠਣ ਲਈ ਕਿਹਾ ਤਾਂ ਮੈਂ ਬੈਠ ਗਿਆ। "ਅੰਕਲ ਅੱਜ ਕੀ ਗੱਲ ਹੈ, ਜਾ ਰਹੇ ਹੋ ਕਿਤੇ? ਮੇਰੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ ! "ਹਾਂ, ਮੈਂ ਸੋਚ ਰਿਹਾ ਸਾਂ ਕਿੱਧਰ ਜਾਵਾਂ, ਪਰ ਮੈਨੂੰ ਪਤਾ ਨਹੀਂ ਸੀ ਲੱਗ

ਰਿਹਾ!" ਉਹ ਹੱਸਦੇ ਹੋਏ ਬੋਲੇ! ਫਿਰ ਉਹ ਕਾਹਲੀ ਨਾਲ ਉੱਠੇ ਤੇ ਮੈਨੂੰ ਬਾਹੋਂ ਫੜ੍ਹਦਿਆਂ ਉਨ੍ਹਾਂ ਕਿਹਾ, "ਚੱਲ ਆ ਅੱਜ ਹੋਟਲ ਚ ਬਹਿ ਕੇ ਚਾਹ ਪੀਂਦੇ ਹਾਂ ਫਿਰ ਕਿਸੇ ਪਾਸੇ ਚੱਲਾਂਗੇ!"

ਕੋਟਾ ਪੂਰਾ "ਅੰਕਲ ਅੱਜ ਗੱਲ ਕੀ ਹੈ? ਤੁਸੀਂ ਛੁੱਟੀ ਕਰੀ ਬੈਠੇ ਹੋ,ਮੁੰਡੇ ਲੱਗੇ ਹੋਏ ਨੇ।" ਮੈਂ ਉਨ੍ਹਾਂ ਨਾਲ ਤੁਰਦਿਆਂ ਪੁੱਛਿਆ। ਬੱਸ ਮੇਰਾ ਹੋ ਕੋਟਾ ਪੂਰਾ ਗਿਆ। ਸਾਢੇ ਤਿੰਨ ਸੌ ਰੁਪਏ ਰੋਜ਼ ਚਾਹੀਦੇ ਹਨ ਜਦੋਂ ਪੂਰੇ ਹੋ ਜਾਂਦੇ ਹਨ ਮੈਂ ਛੁੱਟੀ ਕਰ ਲੈਂਦਾ ਹਾਂ ਮੁੰਡਿਆਂ ਦੀ ਮਰਜ਼ੀ ਹੈ ਉਹ ਕਰਨ ਜਾਂ ਨਾ ਕਰਨ। ਮੈਂ ਸਾਰੇ ਖਰਚਿਆਂ ਦੇ ਡੱਬੇ ਲਾਏ ਹੋਏ ਹਨ, ਰੋਜ਼ ਗਿਣ ਕੇ ਉਨ੍ਹਾਂ ਵਿਚ ਪੈਸੇ ਪਾ ਦਿੰਦਾ ਹਾਂ ਤੇ ਮਹੀਨੇ ਬਾਦ ਉਨ੍ਹਾਂ ਡੱਬਿਆਂ ਚੋ ਕੱਢ ਕੇ ਥਾਓਂ ਥਾਈਂ ਦੇ ਦਿੰਦਾ ਹਾਂ ਸਿਰ ਖਪਾਈ ਨਹੀਂ ਹੁੰਦੀ। ਪੈਸੇ ਪੂਰੇ ਹੋ ਜਾਂਦੇ ਹਨ। ਫਿਰ ਕਦ ਲਈ ਭੁੱਖ ਮਾਰਨੀ ਹੋਈ। ਬੰਦੇ ਦੀ ਨੀਤ ਤਾਂ ਕਦੇ ਨਹੀਂ ਭਰਨੀ, ਜਿੰਨਾ ਮਰਜੀ 'ਕੱਠਾ ਕਰ ਲਵੋ। ਜ਼ਰੂਰਤ ਤੋਂ ਵੱਧ ਪੈਸਾ ਆਦਮੀ ਨੂੰ ਗ਼ਲਤ ਪਾਸੇ ਤੋਰ ਦਿੰਦਾ ਹੈ। ਅੰਕਲ ਨੇ ਆਪਣੇ ਖਿਆਲ ਦੱਸੇ। "ਨਹੀਂ ਅੰਕਲ ਜੀ ਇਹ ਜ਼ਰੂਰੀ ਨਹੀਂ, ਜਿਨ੍ਹਾਂ ਗਲਤ ਪਾਸੇ ਜਾਣਾ ਉਹ ਘੱਟ ਕਮਾਈ ਕਰਦਿਆਂ ਵੀ ਚਲੇ ਜਾਂਦੇ ਨੇ, ਔਹ ਨਾਲ ਦੀ ਖੋਲੀ ਵਾਲਾ ਸੁੰਮਨ ਕਿੰਨੀ ਮਿਹਨਤ ਕਰਦਾ, ਸਾਰੀ ਦਿਹਾੜੀ ਰੇੜ੍ਹੀ ਚਲਾਉਂਦਾ, ਸ਼ਾਮ ਦਾਰੂ ਚ ਰੋੜ੍ਹ ਦਿੰਦਾ ਕਮਾਈ ਉੱਚੀ ਉੱਚੀ ਬਲੇਗਾ ਮੈਂ ਸਾਰੀ ਦਿਹਾੜੀ ਮਰਦਾ ਹਾਂ ਤਾਂ ਵੀ ਗੁਜ਼ਾਰਾ ਨਹੀਂ ਹੁੰਦਾ, ਲੋਕ ਵਿਹਲੇ ਬੈਠੇ ਐਸ਼ ਕਰਦੇ ਹਨ।" ਹੁਣ ਉਸ ਨੂੰ ਬੰਦਾ ਕੀ ਸਮਝਾਏ ਦਾਰੂ ਪੀਣੀ ਛੱਡ ਦੇ, ਆਪੇ ਹੌਲੀ-ਹੌਲੀ ਗੁਜ਼ਾਰਾ ਹੋਣ ਲੱਗ ਪਊ।"

"ਹਾਂ, ਤੇਰੀ ਗੱਲ ਕਿਸੇ ਹੱਦ ਤੱਕ ਠੀਕ ਹੈ, ਚੱਲ ਛੱਡ ਇਸ ਸਿਰਦਰਦੀ ਨੂੰ,ਆਪਾਂ ਇੱਥੇ ਬਹਿ ਕੇ ਚਾਹ ਪੀਂਦੇ ਹਾਂ, ਤੇ ਕੁਝ ਖਾਂਦੇ ਹਾਂ! ਅੰਕਲ ਨੇ ਮੇਰੇ ਅੱਗੇ ਹੋ ਕੇ ਇਕ ਹੋਟਲ ਚ ਵੜ੍ਹਦਿਆਂ ਕਿਹਾ। ਉਨ੍ਹਾਂ ਕੁਰਸੀ ਤੇ ਬਹਿੰਦਿਆਂ ਦੋ ਵੜਾ ਸਾਂਬਰ ਅਤੇ ਦੋ ਸਪੈਸ਼ਲ ਫੁੱਲ ਚਾਹ ਦਾ ਆਰਡਰ ਦਿੱਤਾ। ਬੰਬਈ ਵਿਚ ਤਿੰਨ ਤਰ੍ਹਾਂ ਦੀ ਚਾਹ ਚਲਦੀ ਹੈ ਇਕ ਆਰਡਨਰੀ ਦੂਜੀ ਸਪੈਸ਼ਲ ਤੇ ਤੀਜੀ ਕੱਟ ਚਾਹ! ਕੱਟ ਚਾਹ ਦਾ ਮਤਲਬ ਹੈ ਇਕ ਕੱਪ ਚਾਹ ਨੂੰ ਦੋ ਕੱਪਾਂ ਵਿਚ ਪਾ ਕੇ ਦੇਣਾ! ਆਮ ਲੋਕ ਕੱਟ ਚਾਹ ਹੀ ਪੀਂਦੇ ਹਨ! ਕਿਉਂਕਿ ਚਾਹ ਗੱਲ ਗੱਲ ਤੇ ਚਲਦੀ ਹੈ!

ਚਾਹ ਪੀ ਕੇ ਹਟੇ ਤਾਂ ਅੰਕਲ ਕਹਿਣ ਲੱਗੇ "ਫਿਲਮ ਦੇਖਣੀ ਹੈ ਤਾਂ ਚੱਲੀਏ? ਤੇ ਨਾਲ ਹੀ ਉਨਾਂ ਦੱਸਿਆ 'ਵੈਸੇ ਮੈਂ ਫ਼ਿਲਮ ਦੇਖਣ ਦਾ ਸ਼ੌਕੀਨ ਨਹੀਂ ਹਾਂ!" ਅੰਕਲ ਜੀ ਸ਼ੁਕੀਨ ਤਾਂ ਮੈਂ ਵੀ ਨਹੀਂ ਉਹ ਗੱਲ ਵੱਖਰੀ ਹੈ,ਜਦੋਂ ਪੜ੍ਹਦਾ ਸੀ ਤਾਂ ਕਲਾਸ ਛੱਡ ਕੇ ਫ਼ਿਲਮ ਦੇਖਣ ਚਲੇ ਜਾਈਦਾ ਸੀ। ਮੇਰੀ ਗੱਲ ਸੁਣ ਕੇ ਅੰਕਲ ਠਹਾਕਾ ਮਾਰ ਕੇ ਹੱਸ ਪਏ !

"ਗੱਲਾਂ ਕਰਦੇ ਅਸੀਂ ਇਕ ਬਸ ਵਿਚ ਸੁਆਰ ਹੋ ਗਏ! ਉਸ ਨੇ ਸਾਨੂੰ ਰਾਣੀਬਾਗ ਦੇ ਗੇਟ ਅੱਗੇ ਜਾ ਲਾਹਿਆ। ਉੱਥੇ ਘੁੰਮਦਿਆਂ ਹਨੇਰਾ ਹੋ ਗਿਆ, ਉੱਥੋਂ ਨਿਕਲਕੇ ਅੰਕਲ ਠੇਕੇਦਾਰ ਨੂੰ ਮਿਲਣ ਚਲੇ ਗਏ ਤੇ ਮੈਂ ਆਪਣੀ ਖੋਲੀ ਵੱਲ ਨੂੰ ਹੋ ਗਿਆ! ਅੰਕਲ ਫੱਕਰ ਕਿਸਮ ਦੇ ਇਨਸਾਨ ਸਨ! ਜਿਸ ਦਿਨ ਉਨ੍ਹਾਂ ਦਾ ਕੋਟਾ ਦਿਨ ਰਹਿੰਦਿਆਂ ਪੂਰਾ ਹੋ ਜਾਂਦਾ



ਉਹ ਮੁੰਡਿਆਂ ਨੂੰ ਕਹਿੰਦੇ, ਤੁਸੀ ਅਪਣੀ ਮਰਜੀ ਕਰੋ ਮੈ ਚਾਹ ਪੀਣ ਚੱਲਿਆ," ਮੁੰਡੇ ਸਮਝ ਜਾਂਦੇ ਕਿ ਅੰਕਲ ਨੇ ਹੁਣ ਕੰਮ ਨਹੀਂ ਕਰਨਾ,ਉਹ ਆਪਸ ਵਿਚ ਸਲਾਹ ਕਰਦੇ, ਜੇ ਕਿਸੇ ਨੇ ਜਾਣਾ ਹੁੰਦਾ ਚਲੇ ਜਾਂਦਾ ਜੋ ਕੰਮ ਕਰਨਾ ਹੁੰਦਾ ਤਾਂ ਕੰਮ ਕਰੀ ਜਾਂਦਾ! ਉਹ ਕਮਾਈ ਸਾਂਝੇ ਦਿਨ ਦਿਹਾਰ 'ਤੇ ਖਰਚੀ ਜਾਂਦੀ!

ਇਕ ਦਿਨ ਮੈਂ ਕੰਮ ਤੋਂ ਲੇਟ ਹੋ ਗਿਆ! ਅਸਲ ਵਿਚ ਮੈਂ ਲਾਲਚ ਕਰ ਗਿਆ! ਦੋ ਕੁ ਘੰਟੇ ਦਾ ਕੰਮ ਸੀ, ਸੋਚਿਆ ਇਸ ਨੂੰ ਮੁਕਾਅ ਹੀ ਚੱਲਾਂ, ਸਵੇਰੇ ਨਵਾਂ ਕੰਮ ਸ਼ੁਰੂ ਕਰਾਂਗਾ! ਕੰਮ ਕਰਦਿਆਂ ਵਿਚ ਕੁਝ ਹੋਰ ਸੋਚ ਆ ਗਈ ਕੰਮ ਲੇਟ ਹੋ ਗਿਆ। ਮੈਨੂੰ ਉੱਥੋਂ ਨਿਕਲਦਿਆਂ ਦਸ ਤੋਂ ਉੱਪਰ ਟਾਈਮ ਹੋ ਗਿਆ। ਮੈਂ ਵਿਚੋ ਵਿਚ ਜਦੋਂ ਅੰਕਲ ਦੀ ਦੁਕਾਨ ਕੋਲ ਪਹੁੰਚਾ ਤਾਂ ਅੰਕਲ 'ਕੱਲੇ ਹੀ ਦੁਕਾਨ ਤੇ ਬੈਠੇ ਸਨ !

"ਅੰਕਲ, ਅਜੇ ਛੁੱਟੀ ਨਹੀਂ ਕੀਤੀ, ਕੀ ਗੱਲ ਹੋਈ?" ਮੈਂ ਨੇੜੇ ਹੁੰਦਿਆਂ ਪੁੱਛਿਆ!

"ਅਜੇ ਕੋਟਾ ਪੂਰਾ ਨਹੀਂ ਹੋਇਆ।" ਉਨ੍ਹਾਂ ਹੱਸਦਿਆਂ ਕਿਹਾ!

"ਅੱਛਾ!" ਮੈਂ ਹੈਰਾਨੀ ਨਾਲ ਉਨ੍ਹਾਂ ਵੱਲ ਦੇਖਿਆ। "ਫਿਰ ਹੁਣ ਕਦੋਂ ਚੱਲਣਾ?"

"ਫਿਰ ਕੀ ਬਾਬੇ ਨੂੰ ਪਤਾ, ਉਸ ਦਾ ਬੰਦਾ ਬੈਠਾ ਉਡੀਕ ਵਿਚ, ਆਪੇ ਕਿਸੇ ਨੂੰ ਭੇਜੂ! ਬਹਿ ਜਾ ਜੇ ਜਲਦੀ ਨਹੀਂ, ਮੈਨੂੰ ਭਰੋਸਾ ਉਸ ਤੇ!" ਅੰਕਲ ਨੇ ਬਾਬੇ ਨਾਨਕ ਦੀ ਤਸਵੀਰ ਵੱਲ ਦੇਖਦਿਆਂ ਕਿਹਾ!

"ਅੰਕਲ ਹੁਣ ਤਾਂ ਗਿਆਰਾਂ ਵੱਜ ਗਏ ਨੇ!" ਮੈਂ ਘੜੀ ਵੱਲ ਦੇਖਦਿਆਂ ਕਿਹਾ !

"ਕੋਈ ਗੱਲ ਨਹੀਂ, ਇਹ ਮੁੰਬਈ ਹੈ, ਸਾਰੀ ਰਾਤ ਚਲਦੀ ਹੈ! ਚੱਲ ਆ ਚਾਹ ਪੀ ਕੇ ਆਈਏ! ਅੰਕਲ ਨੇ ਮੈਨੂੰ ਬਾਹੋਂ ਫੜ ਕੇ ਨਾਲ ਤੋਰ ਲਿਆ ਹੋਟਲ ਵੱਲ ਨੂੰ! "ਜੇ ਕੋਈ ਆ ਗਿਆ ਪਿੱਛੋਂ ?" ਮੈਂ ਚਿੰਤਾ ਜਾਹਰ ਕੀਤੀ! ਫ਼ਿਕਰ ਨਾ ਕਰ ਬਾਬਾ ਜਿਸ ਨੂੰ ਮੇਰੇ ਲਈ ਭੇਜੇਗਾ ਉਹ ਇੱਥੇ ਆ ਕੇ ਅਟਕ ਵੀ ਜਾਏਗਾ! ਆ ਜਾ ਤੂੰ! ਜਦ ਕੋਈ ਗੱਲ ਆਪਣੇ ਵੱਸ ਵਿਚ ਨਾ ਹੋਵੇ ਤਾਂ ਸੋਚਣਾ ਛੱਡ ਦੇਈਦਾ ! ਬਹੁਤੀ ਚਿੰਤਾ ਕਰਨ ਦਾ ਕੋਈ ਲਾਭ ਨਹੀਂ!"

ਅਸੀਂ ਹੋਟਲ ਤੇ ਜਾ ਕੇ ਚਾਹ ਪੀਤੀ,ਤੇ ਜਦੋਂ ਵਾਪਸ ਸੜਕ ਦਾ ਮੋੜ ਮੁੜੇ ਤਾਂ ਦੁਕਾਨ ਅੱਗੇ ਇਕ ਟੈਕਸੀ ਖੜ੍ਹੀ ਸੀ। "ਕਿਆ ਬਾਤ ਹੈ ਭਾਸਕਰ?" ਅੰਕਲ ਨੇ ਦੂਰੋਂ ਹੀ ਡਰਾਈਵਰ ਨੂੰ ਦੇਖ ਕੇ ਪੁੱਛਿਆ। "ਆਰਮੇਚਰ ਗਯਾ ਲਗਤਾ ! ਕਬ ਸੇ ਖੜਾ ਹੂੰ, ਆਪ ਕਿਧਰ ਘੁੰਮ ਰਹੇ ਹੋ ! ਜਰਾ ਜਲਦੀ ਕਰਦੋ ਟਾਈਮ ਖੋਟੀ ਹੋ ਰਹਾ ਹੈ!"

ਅੰਕਲ ਨੇ ਦੇਖਿਆ ਆਰਮੇਚਰ ਹੀ ਗਿਆ ਸੀ! ਅੰਕਲ ਨੇ ਆਰਮੇਚਰ ਖੋਲਿਆ ਤੇ ਅਲਮਾਰੀ ਚੋਂ ਨਵਾਂ ਕੱਢ ਕੇ ਫਿੱਟ ਕਰ ਦਿੱਤਾ ! ਅੰਕਲ ਦੋ ਤਿੰਨ ਆਰਮੇਚਰ ਫਿਆਟ ਤੇ ਅੰਬੈਸਡਰ ਦੇ ਤਿਆਰ ਰੱਖਦਾ ਸੀ ਤਾਂ ਜੋ ਕਿਸੇ ਨੂੰ ਬਹੁਤੀ ਇੰਤਜ਼ਾਰ ਨਾ ਕਰਨੀ ਪਏ ! ਗੱਡੀ ਪਹਿਲੀ ਸੱਟੇ ਸਟਾਰਟ ਹੋ ਗਈ! ਡਰਾਈਵਰ ਨੇ ਪੈਸੇ ਦਿੱਤੇ ਤੇ ਚਲੇ ਗਿਆ! ਅੰਕਲ ਨੇ ਹਿੱਸੇ ਆਉਂਦੇ ਪੈਸੇ ਡੱਬਿਆਂ ਚ ਪਾਏ ਤੇ ਵਾਧੂ ਬਚੇ ਪੈਸੇ ਆਪਣੀ ਜੇਬ ਚ ਰੱਖ ਲਏ, ਅੰਕਲ ਦੇ ਭਰੋਸੇ ਦੀ ਜਿੱਤ ਹੋਈ ਸੀ ! ਅਸੀਂ ਖੁਸ਼ ਸਾਂ ! ਦੁਕਾਨ ਨੂੰ ਤਾਲਾ ਲਾਇਆ ਤੇ ਆਪਣੀ ਆਪਣੀ ਮੰਜ਼ਿਲ ਵੱਲ ਨੂੰ ਤੁਰ ਪਏ!

**ਸੰਪਰਕ** 9876208542

# ਨਾਟਕ

## ਲੇਬਰ ਚੌਂਕ ਦੀਆਂ ਅੱਖਾਂ

**-ਸੁਖਮਿੰਦਰ ਸੇਖੋਂ**

ਪਾਤਰ : ਪੰਜਾਬ ਸਿੰਘ,ਭਰਤ ਰਾਮ ਅਤੇ ਫਕੀਰੀਆ।

(ਇਹ ਚੌਰਸਤਾ ਹੈ। ਇਕ ਥਾਂ ਫਰਜ਼ੀ ਦੁਕਾਨ ਹੈ । ਫਕੀਰੀਆ ਆਪਣੀ ਪੁਰਾਣੀ ਕਾਪੀ ਪੜ੍ਹ ਰਿਹਾ ਹੈ । ਪਿੱਠ ਵਰਤੀ ਪੰਜਾਬ,ਭਾਰਤ ਅਤੇ ਦੁਨੀਆਂ ਦੀਆਂ ਖਬਰਾਂ ਸੁਣਾਈ ਦਿੰਦੀਆਂ ਹਨ। ਆਉਂਦੇ ਜਾਂਦੇ ਲੋਕ ਕਿਸੇ ਵੀ ਢੰਗ ਨਾਲ ਦਿਖਾਏ ਜਾ ਸਕਦੇ ਹਨ। ਮੰਚ 'ਤੇ ਪੰਜਾਬ ਸਿੰਘ ਤੇ ਭਰਤ ਰਾਮ ਆਉਂਦੇ ਹਨ । ਦੋਨ੍ਹਾਂ ਦੇ ਹੱਥ ਵਿਚ ਟਿਫਨ ਹਨ।)

**ਪੰਜਾਬ** : ਭਰਤ ਰਾਮ ! ਮੈਨੂੰ ਤਾਂ ਐਂ ਲਗਦੈ ਬੀ ਅੱਜ ਵੀ ਆਪਣੀ ਦਿਹਾੜੀ ਸੁੱਕੀ ਈ ਜਾਊਗੀ ।

**ਭਰਤ ਰਾਮ** : ਹਾਂ ! ਲਗਦਾ ਤਾਂ ਮੈਨੂੰ ਵੀ ਕੁਛ ਐਦਾਂ ਈ ਐ,ਪਰ ਆਪਾਂ ਕਰ ਬੀ ਕੀ ਸਕਦੇ ਆਂ ਜਦੋ ਆਪਣੀ ਕਿਸਮਤ ਈ ਉਪਰਆਲੇ ਨੇ-

**ਪੰਜਾਬ** : ਤੂੰ ਆਹ ਗੱਲਾਂ ਜੀਆਂ ਗੱਲਾਂ ਨਾ ਕਰਿਆ ਕਰ ਕਿਸਮਤ ਕੁਸਮਤ ਆਲੀਆਂ ।ਐਹ ਦੇਖ ! ਆਪਣੇ ਹੱਥ ਈ ਕਿਸਮਤ ਨੇ। ਉਏ ਨਾਲੇ ਹਾਂ ! ਰੱਬ ਰੁੱਬ ਕਿਤੇ ਨੀ ਹੁੰਦਾ, ਨਾ ਉਪਰ ਨਾ ਥੱਲੇ, ਨਾ ਏਧਰ ਨਾ ਓਧਰ ਕਿਤੇ ਵੀ-

**ਭਰਤ** : ਕਿਤੇ ਵੀ? ਜੇ ਫੇਰ ਕਿਤੇ ਨੀ ਤਾਂ ਆਪਣੇ ਅੰਦਰ ਈ ਕਿਤੇ ਬੈਠਾ ਹੋਊ ਮੇਰੇ ਸਾਲੇ ਦਾ

**ਪੰਜਾਬ** : ਉਏ ਗਾਲ੍ਹ ਨਾ ਕੱਢ, ਚਾਹੇ ਕੋਈ ਰੱਬ ਨੂੰ ਮੰਨੇ ਜਾਂ ਨਾ,ਪਰ ਰੱਬ ਨੂੰ ਗਾਲ ਬੁਰੀ ਬਾਤ !

**ਭਰਤ** : ਚੱਲ ਠੀਕੈ ! ਕੁਦਰਤ ਈ ਹੋਊ ਫੇਰ ਰੱਬ? ਰੱਬ ਦੀ ਸੌਂਹ !

**ਪੰਜਾਬ** : ਉਏ ਸੌਂਹਾਂ ਨੀ ਖਾਈਦੀਆਂ ਹੁੰਦੀਆਂ, ਸੌਂਹਾਂ ਜਾਂ ਕਸਮਾਂ ਤਾਂ ਝੂਠੇ ਬੰਦੇ ਖਾਂਦੇ ਹੁੰਦੇ ਨੇ।

**ਭਰਤ** : ਚੱਲ ਇਹ ਵੀ ਤੇਰੀ ਮੰਨੀ, ਪਰ ਆਪਣੀ ਕਿਸਮਤ ਤਾਂ-

**ਪੰਜਾਬ** : ਫੇਰ ਕਿਸਮਤ-ਕਿਸਮਤ? ਆਪਣੀ ਕਿਸਮਤ ਨੂੰ ਕੀ ਹੋਇਆ, ਚੰਗੇ ਭਲੇ ਤੁਰਦੇ ਫਿਰਦੇ ਆਂ, ਹੈਂਡੀਕਪੈਡ ਤਾਂ ਨੀ ਕਿਤੇ, ਹੱਥ ਪੈਰ ਚਲਦੇ ਨੇ ਹਾਲੇ-

**ਭਰਤ** : ਪੰਜਾਬ ਸਿੰਹਾਂ ! ਮੈਨੂੰ ਹੈਂਡੀਕੈਪਡ ਤੋ ਯਾਦ ਆਇਆ, ਕਿ ਜੇ ਆਪਣੇ ਸਰੀਰ ਦਾ ਇਕ ਅੰਗ ਨਾ ਹੁੰਦਾ, ਭਾਵ ਅਪਾਹਜ ਹੁੰਦੇ ਤਾਂ ਆਪਾਂ ਨੂੰ ਸਰਕਾਰੀ ਨੌਕਰੀ ਮਿਲ ਜਾਣੀ ਸੀ?



**ਪੰਜਾਬ** : ਚੱਲ ਫੇਰ ਇਹ ਪੁੰਨ ਦਾ ਕੰਮ ਪਹਿਲਾਂ ਆਪਾਂ ਈ ਕਰਦੇ ਆਂ, ਚੱਲ ! ਚੱਕ ਕੋਈ ਤੇਜ਼ਧਾਰ ਹਥਿਆਰ ਤੇ ਓਹ ਲਾਹ ਕੇ ਮਾਰ ਮੇਰੀ ਇਕ ਬਾਂਹ?

**ਭਰਤ** : (ਹਸਕੇ) ਉਏ ਪਤੰਦਰ ਦਿਆ ! ਚਾਹੇ ਤੂੰ ਆਪਣੀ ਬਾਂਹ ਵਢਾ,ਚਾਹੇ ਟੰਗ ਜਾਂ ਅੱਖ, ਕੰਨ-ਪਰ ਅੱਜ ਦੀਆਂ ਸਰਕਾਰਾਂ ਨੇ ਤੈਨੂੰ ਨੌਕਰੀ ਦੇ ਨਾਉਂ 'ਤੇ ਡੰਡੇ ਤੇ ਡਾਂਗਾਂ ਈ ਦੇਣੀਆਂ ਨੇ?

**ਪੰਜਾਬ** : (ਉਦਾਸ ਹੋਕੇ) ਅੱਛਾ ! ਫੇਰ ਕੀ ਕਰੀਏ ਆਪਾਂ?

**ਭਰਤ** : ਮੈ ਤਾਂ ਐਂ ਸੋਚਦੈਂ ਬੀ ਤੂੰ ਆਵਦੇ ਪਿੰਡ ਆਲੀ ਬੰਜਰ ਦਾ ਕੀ ਚਾਰ ਪੌਣੇ, ਪਾਂਧਾ ਨਾ ਪੁੱਛ--ਵੇਚ ਪਰ੍ਹਾਂ !

**ਪੰਜਾਬ** : ਹਾਂ ਮੈ ਵੀ ਕਦੇ ਕਦੇ ਸੋਚਦੈਂ ਕਿ ਜਮੀਨ ਦਿੰਦੀ ਤਾਂ ਕੁਛ ਹੈ ਨੀ ਕਿਉ ਨਾ--

**ਭਰਤ** : ਇਸ ਨੂੰ ਵੇਚ ਛੱਡਾਂ? ਕਿਉ ਕੀ ਆਂਹਦੈ?

**ਪੰਜਾਬ** : ਹਾਂ ! ਉਤਮ ਖੇਤੀ ਵਾਲੀ ਗੱਲ ਤਾਂ ਹੁਣ ਮੱਧਮ ਪੈ ਗੀ ਲਗਦੀ ਐ, ਆਪਣੇ ਵਪਾਰ ਵਰਗੀ ਰੀਸ ਨੀ। ਵਪਾਰੀ ਲੋਗਾਂ ਦੀਆਂ ਬੀ ਕਿਆਂ ਬਾਤਾਂ ਨੇ । ਬੱਸ ਐਂ ਸਮਝ ਲੈ ਵੀ ਮੌਜਾਂ ਈ ਮੌਜਾਂ ! (ਗਾਉਂਦੇ ਹਨ)

**ਭਰਤ** : (ਦੋ ਬੰਦਿਆਂ ਵੱਲ ਦੇਖਕੇ) ਲੈ ਔਹ ਤੁਰੀਆਂ ਔਂਦੀਆਂ ਆਪਣੀਆਂ ਮੌਜਾਂ ! ਅੱਜ ਤਾਂ ਦਿਹਾੜੀ ਲਗਦੈ ਪੱਕੀ---

(ਦੋਨੋਂ ਜਣੇ ਦੌੜਕੇ ਓਧਰ ਜਾਂਦੇ ਹਨ,ਪਰ ਉਹ ਹੱਥਾਂ ਨਾਲ ਇਸ਼ਾਰਾ ਕਰਕੇ ਹੋਰ ਕਿਸੇ ਨੂੰ ਆਪਣੇ ਨਾਲ ਲੈ ਜਾਦੇ ਹਨ ।)

**ਭਰਤ** : (ਬਦਲਕੇ) ਕਿਉ ਨਾ ਆਪਾਂ ਮਿਲਕੇ ਈ ਕੋਈ ਬਿਜਨੈਸ ਕਰੀਏ?ਪਰ ਕਾਹਦਾ ਕਰੀਏ?

**ਪੰਜਾਬ** : ਕੋਈ ਹੋਟਲ ਰੈਸਟੋਰੈਂਟ?

**ਭਰਤ** : ਨਹੀ ਕੋਈ ਸ਼ੋਅ ਰੂਮ !

**ਪੰਜਾਬ** : ਤੂੰ ਸ਼ੋ ਰੂਮਾਂ ਦੀ ਛੱਡ, ਪ੍ਰਾਪਰਟੀ ਦਾ ਕੰਮ ਸੁਰੂ ਕਰਾਂਗੇ।

**ਭਰਤ** : ਪ੍ਰਾਪਰਟੀ? ਪਰ ਅੱਜਕੱਲ੍ਹ ਸੁਣਿਐ ਇਸ ਕੰਮ ਮਾ ਕਾਫੀ ਮੰਦਾ ਚੱਲ ਰਿਹੈ।

**ਪੰਜਾਬ** : ਮੰਦੇ ਦਾ ਕੀ ਐ? ਪ੍ਰਾਪਰਟੀ ਡੀਲਰੀ 'ਚ ਨਜਾਰੇ ਈ ਬੌਤ ਨੇ, ਨਾ ਹਿੰਗ ਲੰਗੇ ਨਾ ਫਟਕੜੀ ਰੰਗ ਵੀ ਚੋਖਾ ਆਏ? ਕੀ ਕਹਿੰਦੈ?

**ਭਰਤ** : ਕਹਿਣ ਨੂੰ ਤਾਂ ਮੈ ਖੈਰ ਕੀ ਕਹਿਣੈ, ਪਰ--

**ਪੰਜਾਬ** : ਪਰ ਕੀ-ਭਰਤਿਆ?

**ਭਰਤ** : ਪਰ ਪਹਿਲਾਂ ਆਪਾਂ ਨੂੰ ਇਕ ਦਕਾਨ ਦਾ ਜੁਗਾੜ ਕਰਨਾ ਪਊ ।

**ਪੰਜਾਬ** : ਦੁਕਾਨ? ਦਕਾਨ ਨੂੰ ਕੀ ਐ, ਦੁਕਾਨਾਂ ਬੌਤ-ਬੱਸ ਤੂੰ ਪਰਾਪਰਟੀ ਡੀਲਰ ਵਾਸਤੇ ਆਪਣਾ ਦਿਮਾਗ ਤਿਆਰ ਕਰ !

**ਭਰਤ** : ਪਰਾਪਰਟੀ ਡੀਲਰੀ ਦਾ ਕੰਮ ਦਿਮਾਗੀ ਤੇ ਚਾਲਾਕ ਕਿਸਮ ਦੇ ਸ਼ਿਕਾਰੀਆਂ

ਨੂੰ ਬਹੁਤ ਰਾਸ ਆਇਆ ਸੀ ਤੇ ਉਹ ਦਿਨਾ ਚ ਈ ਵੱਡੇ ਆਦਮੀ ਬਣ ਬੈਠੇ ।

**ਪੰਜਾਬ :** ਵੱਡੇ ਆਦਮੀ?

**ਭਰਤ :** ਮੇਰਾ ਮਤਲਬ ਐ ਪੈਸੇ ਵਾਲੇ ।

**ਪੰਜਾਬ :** ਅੱਛਾ ਅੱਛਾ ! ਤਾਂ ਵੱਡੇ ਆਦਮੀ ਪੈਸੇ ਵਾਲਿਆਂ ਨੂੰ ਲੋਕ ਸਮਝਦੇ ਨੇ?

**ਭਰਤ :** ਹੋਰ ਕੀ ! ਤੂੰ ਸਮਝਦੈ ਵੀ ਜਿਹੜੇ ਸਰੀਫ ਤੇ ਆਪਣੇ ਅਰਗੇ ਗਰੀਬੀਆਂ ਭੋਗਦੇ ਬੰਦੇ ਨੇ ਉਹ ਵੱਡੇ ਆਦਮੀ ਕਹਾਉਣ ਦੇ ਹੱਕਦਾਰ ਨੇ? (ਇਸ਼ਾਰਾ ਕਰਕੇ) ਚੱਲ ਛੱਡ,ਪਰਾਪਰਟੀ ਦੀ ਤਾਂ ਬਾਅਦ 'ਚ ਦੇਖਾਂਗੇ, ਤੂੰ ਉਹ ਦੇਖ ਸਾਹਮਣੇਲਗਦੈ ਜਿਹੜੇ ਉਹ ਦੋ ਬੰਦੇ ਤੁਰੇ ਔਂਦੇ ਨੇ ਉਹ ਜ਼ਰੂਰ ਆਪਾਂ ਨੂੰ ਲੈਕੇ ਜਾਣਗੇ।

**ਪੰਜਾਬ :** ਚਲੋ ਅੱਜ ਦੀ ਦਿਹਾੜੀ ਤਾਂ ਫੇਰ.....

**ਭਰਤ :** ਪਰ ਆਪਣੀ ਕਿਸਮਤ ਚ ਕਮਾਈਆਂ ਕਿੱਥੇ? ਲੈ ਉਹ ਤੁਰ ਗਏ ਹੋਰ ਈ ਪਾਸੇ- (ਦੋਨੋਂ ਜਣੇ ਸਿਰ ਸੁੱਟਕੇ ਬੈਠ ਜਾਂਦੇ ਹਨ।ਦੂਨੀ ਚੰਦ ਦਿਲਾਸਾ ਦਿੰਦਾ ਹੈ)

**ਫਕੀਰੀਆ :** ਸਬਰ ਰੱਖੋ ਭਾਈ, ਸਬਰ ਸੰਤੋਖ ਨਾਲ ਈ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਐ । ਫਕੀਰੀਆ ਸਭ ਜਾਣਦੈ !

**ਦੋਨੋਂ :** ਇਕੱਠੇ ਉਏ ਰਹਿਣ ਦੇ, ਰਹਿਣ ਦੇ ਵੱਡਿਆ ਸੇਠਾ ! ਤੈਨੂੰ ਤਾਂ ਹਾਲੇ ਤੱਕ -- -ਕੀ ਕਹਿੰਦੇ ਐਂ ਪ੍ਰਮਾਤਮਾ ਦੀ ਪ੍ਰਾਪਤੀ ਹੋਈ ਨੀ। ਭੁੱਖਾ ਮਰਦੈ ਸਾਡੇ ਵਾਂਗ ਈ।

**ਭਰਤ:** ਮੇਰੇ ਅਰ ਪੰਜਾਬਿਆ ! ਤੂੰ ਹੁਣ ਲਗਦੇ ਹੱਥ ਆਪਣਾ ਜਮੀਨ ਦਾ ਟੁਕੜਾ ਵੇਚ ਈ ਛੱਡ,ਆਪਾਂ ਐਥੇ ਈ ਕਿਤੇ ਥਾਂ ਖਰੀਦਕੇ ਦੁਕਾਨਾਂ ਖੜ੍ਹੀਆਂ ਕਰ ਦਿਆਂਗੇ।

**ਪੰਜਾਬ :** ਦੁਕਾਨਾਂ--? ਹਾਂ-ਹਾਂ--ਨਵੀ ਮਾਰਕੀਟ 'ਚ ਦੁਕਾਨਾ ਬਣਾਕੇ ਉਨ੍ਹਾਂ ਨੂੰ ਆਪਾਂ ਚਾੜ੍ਹ ਦਿਆਂਗੇ ਕਿਰਾਏ ਤੇ।

**ਭਰਤ :** ਜਾਂ ਫੇਰ ਨੀਲਾਮੀ ਤੇ ਲਾ ਦਿਆਂਗੇ--

(ਪਿੱਠ ਵਰਤੀ ਦੁਕਾਨਾ ਦੀ ਬੋਲੀ ਦੀਆਂ ਆਵਾਜ਼ਾਂ ਆਉਣ ਲਗਦੀਆਂ ਹਨ) ਇਹ ਮੈਂ ਕੀ ਸੁ ਣ ਰਿਹਾ ਸੀ?

**ਪੰਜਾਬ :** ਜੋ ਤੂੰ ਸੁਣ ਰਿਹਾ ਸੀ, ਉਹੀ ਤਾਂ ਮੈ--(ਹਸਕੇ) ਪਤਾ ਨੀ ਕਿਹੋ ਕਿਹੋ ਜਿਹੇ ਦਿਨੇ ਈ ਸੁਪਨੇ

**ਫਕੀਰੀਆ :** ਮੈਨੂੰ ਵੀ ਸੁਪਨੇ ਔਂਦੇ ਨੇ ਛੋਕਰਿਓ !

**ਦੋਨੋਂ :** ਤੈਨੂੰ ਸੁਪਨੇ-ਕਿਹੜੇ? ।

**ਫਕੀਰੀਆ :** ਫਕੀਰੀਆ ਕੀ ਜਾਣੇ ਜੱਗ ਕੀਆਂ ਬਾਤਾਂ? ਪਰ ਮੈਨੂੰ ਪ੍ਰਮਾਤਮਾ ਸੱਚੇ



ਪਾਤਸ਼ਾਹ ਦੇ ਸੁਪਨੇ-

(ਦੋਨੋ ਜਣੇ ਠਹਾਕਾ ਲਗਾਕੇ ਹਸਦੇ ਹਨ, ਜਿਵੇਂ ਫਕੀਰੀਆ ਦਾ ਮਜ਼ਾਕ ਉਡਾ ਰਹੇ ਹੋਣ)

**ਪੰਜਾਬ :** ਉਏ ਫਕੀਰੀਏ !! ਤੇਰਾ ਨੀ ਕੁਛ ਬਣਦਾ ਦੀਂਹਦਾ--ਪਰ ਤੂੰ ਵੀ ਫਿਕਰ ਨਾ ਕਰੀਂ ਤੈਨੂੰ ਵੀ ਇਕ ਦੁਕਾਨ ਕਰਾਏ 'ਤੇ ਦੇ ਦਿਆਂਗੇ-

**ਭਰਤ :** ਐਥੇ ਬੈਠਾ ਮੱਖੀਆ ਮਾਰਦਾ ਰਹਿਣੈ-ਨਵੀ ਮਾਰਕੀਟ 'ਚ ਤੇਰਾ ਪ੍ਰਮਾਤਮਾ ਨਾਲ ਮੇਲ ਜਰੂਰ ਹੋ ਜੁਗਾ--

**ਫਕੀਰੀਆ :** (ਖੁਸ਼ ਹੋਕੇ) ਤੁਸੀ ਸੱਚ ਆਖਦੇ ਓਂ ਵੀ ਮੁੰਡਿਓ-? ਥੋਡੇ ਮੂੰਹ ਮਾ ਘਿਓ ਸ਼ੱਕਰ ! ਫਕੀਰੀਆ ਸਭ ਜਾਣਦੈ !

**ਪੰਜਾਬ :** ਇਹ ਕੀ ਲਾਲੇ ਫਕੀਰੀਆ? ਤੂੰ ਇਸ ਮਾਡਰਨ ਜਮਾਨੇ 'ਚ ਘਿਓ ਸੱਕਰ ਦੀਆਂ ਗੱਲਾਂ ਕਰ ਰਿਹੈ? ਜੇ ਕਰਨੀਐ ਤਾਂ ਬਰਗਰ ਪਾਸਤੇ ਕੀਆਂ ਬਾਤਾਂ ਕਰ।ਹੁਣ ਤਾਂ ਛੱਤੀ ਪ੍ਰਕਾਰ ਦੇ ਪਕਵਾਨ ਆਗੇ ਨੇ ਮਾਰਕੀਟ 'ਚ?

**ਭਰਤ :** ਐਨੇ ਆਧੁਨਿਕ ਪਕਵਾਨਕਿ ਰਹੇ ਰੱਬ ਦਾ ਨਾਂ ! ਮੇਰੇ ਤਾਂ ਮੂੰਹ ਮਾ ਪਾਣੀ....

**ਫਕੀਰੀਆ :** ਕਿੱਥੇ ਨੇ ਪਕਵਾਨ? ਜ਼ਰਾ ਸਵਾਦ ਤਾ ਚਖਾਓ ਕਾਕਿਓ? ਦੋਨ੍ਹੋਂ ਕਿਉ ਲਾਰਾਂ ਟਪਕਦੀਆਂ ਤੇਰੇ ਫਕੀਰੀਆ? ਪਿੰਡ ਵਸਿਆਂ ਨੀ ਮੰਗਤੇ ਪਹਿਲਾਂ?

**ਭਰਤ :** ਚਲੋ ਜਿਮੇ ਕਿਸੇ ਵੀ ਐ ਆਪਣੀਆਂ ਦੁਕਾਨਾਂ ਤਾਂ ਸਮਝੋ ਬਣ ਈ ਗਈਆਂ।

**ਪੰਜਾਬ :** ਹੁਣ ਤਾਂ ਬਸ ਇਨ੍ਹਾਂ ਦਕਾਨਾ ਚੋਂ ਇਕ ਦੁਕਾਨ 'ਚ ਆਪਾਂ ਮਾਲ ਪਾ ਈ ਲੈਣੈ।

**ਭਰਤ :** ਮਾਲ? ਕਿਹੜਾ ਮਾਲ-?

(ਕੋਲੋਂ ਲੰਘਦੀ ਇਕ ਔਰਤ ਅੱਖਾਂ ਦਿਖਉਦੀ ਹੈ)

**ਫਕੀਰੀਆ :** ਸੋਚਕੇ ਗੱਲ ਕਰਿਆ ਕਰੋ ਬਰਖੁਰਦਾਰੋ? ਤੁਸੀਂ ਤਾਂ ਹਾਲੇ ਕੁਆਰੇ ਹੋ, ਮੈ ਤਾਂ ਵਿਆਹਿਆ ਵਰ੍ਹਿਆ ਆਂ--ਜਵਾਕਾਂ ਆਲਾ-ਕਿਤੇ ਮੈ ਨਾ ਲਪੇਟਿਆਂ ਜਾਵਾਂ ਸੋਡੀਆਂ ਮਸ਼ਕਰੀਆਂ 'ਚ--? ਫਕੀਰੀਆ ਸਭ ਜਾਣਦੈ !

**ਪੰਜਾਬ :** ਕੰਮ ਤਾਂ ਕੋਈ ਵੀ ਮਾੜਾ ਚੰਗਾ ਨੀ ਹੁੰਦਾ ਬੱਸ ਬੰਦੇ ਦੀ ਨੀਤ ਚੰਗੀ ਹੋਣੀ ਚਾਹੀਦੀ ਐ।

**ਭਰਤ :** ਫੇਰ ਤਾਂ ਚਾਹੇ ਦੀ ਚਾਹ ਪਕੌੜਿਆਂ ਦੀ ਦੁਕਾਨ ਪਾ ਲਓ?

**ਪੰਜਾਬ :** ਚਾਹ ਪਕੌੜੇ? ਕੰਮ ਤਾਂ ਮਾੜਾ ਨੀ ਪਰ

**ਭਰਤ :** ਪਰ ਕੀ--?

**ਪੰਜਾਬ :** ਪਰ ਇਹ ਕੰਮ ਕਰਦੇ ਕਰਦੇ ਆਪਾਂ ਵੀ ਕਿਤੇ ਕੋਈ ਲੀਡਰ ਜਾਂ ਮੰਤਰੀ ਨਾ ਬਣ ਜੀਏ?

(ਭਰਤ ਤੇ ਪੰਜਾਬ ਹਸਦੇ ਹਨ,ਫਕੀਰੀਆ ਵੀ ਉਨ੍ਹਾਂ ਦਾ ਸਾਥ ਦਿੰਦਾ ਹੈ)

**ਭਰਤ :** ਐਂ ਕਰਦੇ ਆਂ ਆਪਾਂ ਪੌਲੇਟਿਕਸ--ਜੀਹਨੂੰ ਪੰਜਾਬੀ ਅਰ ਹਿੰਦੀ ਉਰਦੂ ਮਾ ਰਾਜਨੀਤੀ ਜਾਂ ਸਿਆਸਤ ਬੀ ਕਹਿੰਦੇ ਨੇ, ਉਸ ਵਿਚ ਲੰਗੋਟ ਕੱਸ ਕੇ ਕੁੱਦ ਪੀਏ?

**ਪੰਜਾਬ :** ਚੱਲ ਫੇਰ ਚੱਲੀਏ ਸਿਆਸਤ ਦੇ ਅਖਾੜੇ ਚ ਭਲਵਾਨੀਆਂ ਕਰਨ....

**ਫਕੀਰੀਆ :** ਉਹੋ ਰਾਜਨੀਤੀ ਦੇ ਭਲਵਾਨੋ! ਕਿਤੇ ਕੁਰਸੀਆਂ ਮੱਲ ਕੇ ਫਕੀਰੀਏ ਨੂੰ ਭੁਲਾ ਨਾ ਦੇਣਾ? (ਪਰਦੇ ਪਿੱਛਿਓਂ ਗਾਣਾ--ਭੁਲਾ ਨਹੀ ਦੇਨਾ ਜੀ-ਭੁਲਾ ਨਹੀ ਦੇਨਾ-ਜਮਾਨਾ ਖਰਾਬ ਹੈ ਭੁਲਾ ਨੀ ਦੇਨਾ--)

**ਭਰਤ :** ਤੈਨੂੰ ਕਿੱਥੇ ਭੁਲਾ ਦਿਆਂਗੇ ਫਕੀਰੀਏ ਜਾਨ! ਤੈਨੂੰ ਤਾਂ ਅਸੀ ਰੱਬ ਆਲੀ ਕੁਰਸੀ 'ਤੇ ਬਿਠੌਣ?

**ਪੰਜਾਬ :** ਬੱਸ ਹੁਣ ਤੂੰ ਫਕੀਰੀਏ ਜਾਗਦਿਆਂ ਸੌਂਦਿਆਂ ਕੁਰਸੀ ਰਾਣੀ ਦੇ ਸੁਪਨੇ ਦੇਖਿਆ ਕਰ ਤੇ ਜੈ ਮਾਤਾ ਦੀ ਥਾਵੇ ਇਹ ਨਾਅਰਾ ਹਵਾ ਮਾ ਗੁੰਜਾਇਆ ਕਰ---ਜੈ ਮਾਤਾ ਕੁਰਸੀ ਰਾਣੀ ਕੀ!
(ਪਿੱਠ ਵਰਤੀ--ਜੈ ਹੋ--ਜੈ ਹੋ--ਜੈ ਹੋ ਹੁੰਦੀ ਹੈ)

**ਭਰਤ :** ਪੰਜਾਬ ਸਿੰਹਾਂ! ਅੱਜਕੱਲ੍ਹ ਤੇਰਾ ਦਿਮਾਗ ਸਾਰੇ ਪਾਸੇ ਈ ਚੱਲਣ ਲੱਗ ਪਿਐ। ਕਦੇ ਤੂੰ ਵਪਾਰ ਕੀਆਂ ਬਾਤਾਂ ਕਰਦੈ ਤੇ ਕਦੇ ਸਿਆਸਤ ਕੀਆਂ--ਜੀਅ 'ਚ ਔਂਦੈ ਤੇਰੇ ਪੈਰ ਚੁੰਮ ਲਾਂ--

**ਪੰਜਾਬ :** (ਹਸਕੇ) ਨਾ ਚੁੰਮ ਲੈ ਫੇਰ?

**ਭਰਤ :** ਨਾ ਕਮਲਾ ਨਾ ਸਿਆਣਾ! ਇਹ ਸੱਚ ਥੋੜ੍ਹੀ ਹੁੰਦੈ ਇਹ ਤਾਂ ਉਈਂ ਕਹਿਣੈ ਕੀਆਂ ਬਾਤੀਂ.....

**ਪੰਜਾਬ :** (ਗੰਭੀਰ ਹੋਕੇ) ਕੰਮ ਤਾਂ ਬੌਤ ਨੇ। ਹੁਣ ਤੂੰ ਦੇਖ ਤਾਂ ਰਿਹੈ ਬਜਾਰ ਭਰੇ ਪਏ ਨੇ ਦੁਕਾਨਾ ਨਾਲ।ਖਾਣ ਪੀਣ ਤੋ ਲੈਕੇ ਹਰ ਤਰ੍ਹਾਂ ਦੇ ਪਹਿਣਨ ਵਾਲੇ ਕੱਪੜੇ। ਜੁੱਤੀਆਂ ਬੂਟ। ਕਰਿਆਨੇ ਤੇ ਜਨਰਲ ਸਟੋਰ

**ਭਰਤ :** ਪਰ ਹੁਣ ਤਾਂ ਵੱਡੇ ਵੱਡੇ ਮਾਲਾਂ ਦਾ ਜਮਾਨਾ ਆ ਗਿਐ। ਇਹ ਨਿੱਕੀਆਂ ਛੋਟੀਆਂ ਦੁਕਾਨਾਂ ਤਾਂ ਸਮਝੋ ਫੇਲ੍ਹ!

**ਪੰਜਾਬ :** ਫੇਲ੍ਹ ਵਰਗੀਆਂ ਫੇਲ੍ਹ!

**ਫਕੀਰੀਆ :** (ਰੋਣਹਾਕਾ ਹੋਕੇ) ਹੁਣ ਤੁਸੀ ਦੇਖ ਈ ਰਹੇ ਓਂ ਮੇਰੀ ਦੁਕਾਨ ਕਾ ਹਾਲ--ਗਾਹਕੀ ਦੀ ਗੱਲ ਤਾਂ ਦੂਰ ਮਾਲ ਪੌਣੇ ਨੂੰ ਵੀ ਪੈਸੇ ਨੀ ਜੇਬ ਮਾ-ਫਕੀਰੀਆ ਸਭ ਜਾਣਦੈ!

**ਭਰਤ :** ਤੂੰ ਤਾਂ ਢਕਿਆ ਈ ਰਹਿ ਫਕੀਰੀਏ! ਥੋਡੇ ਸੇਠਾਂ ਨੂੰ ਰੋਣੇ ਤੋ ਸਿਵਾ ਹੋਰ ਕੁਛ ਔਂਦੈ?

**ਪੰਜਾਬ :** ਨਹੀ ਭਰਤਿਆ! ਇਹ ਸੇਠ ਵੀ ਕੀਹਦੀ ਮਾਂ ਨੂੰ ਮਾਸੀ ਕਹਿਣ? ਛੋਟੀ



ਦੁਕਾਨਦਾਰੀ ਅਰ ਵਪਾਰੀ ਦਾ ਤਾਂ ਦਵਾਲਾ ਨਿਕਲਿਆ ਪਿਐ!

**ਫਕੀਰੀਆ :** ਹੋਰ ਕੀ--? ਬਪਾਰ ਮਾ ਕੁਛ ਨੀ ਰੱਖਿਆ ਜੋਧਿਓ!

**ਭਰਤ :** ਪਰ ਨੌਕਰੀਆਂ 'ਚ ਵੀ ਕੀ ਰੱਖਿਐ?

**ਪੰਜਾਬ :** ਨੌਕਰੀ? ਨੌਕਰੀਆਂ 'ਚ ਤਾਂ ਫੇਰ ਵੀ--ਪਰ ਨੌਕਰੀ ਮਿਲੇ ਤਾਂ ਨਾ?

**ਭਰਤ :** ਹੁਣ ਆਪਾਂ ਕਿੰਨੀਆਂ ਕਿੰਨੀਆਂ ਜਮਾਤਾਂ--ਮਾਰਕੇ ਡਿਪਲੋਮੇ ਡਿਗਰੀਆਂ ਵੀ ਕਰੀ ਫਿਰਦੇ ਆਂ, ਪਰ ਨੌਕਰੀਆਂ ਰੁਜਗਾਰ ਕਿੱਥੇ? ਸਰਕਾਰੀ ਨੌਕਰੀਆਂ ਦਾ ਤਾਂ ਜਿਵੇ ਭੋਗ ਈ ਪਿਐ ਹੋਇਐ।

**ਪੰਜਾਬ :** ਨੌਕਰੀਆਂ ਦੇ ਨਾਉਂ ਤੇ ਡੰਡੇ!

**ਭਰਤ :** ਠੁੱਡੇ ਤੇ ਪਾਣੀ ਦੀਆਂ ਬੁਛਾੜਾਂ
ਕਿੱਥੇ ਗਈਆਂ ਚੁਣੀਆਂ ਸਰਕਾਰਾਂ?
(ਪਿੱਠ ਵਰਤੀ ਚੋਣ ਪ੍ਰਚਾਰ ਦੀਆਂ ਆਵਾਜ਼ਾਂ---ਸਾਡਾ ਚੋਣ ਨਿਸ਼ਾਨ ਉਲੂ! ਸਾਡਾ ਚੋਣ ਨਿਸ਼ਾਨ ਕਾਂ! ਕਾਂ ਕਾਂ ਦੀਆਂ ਆਵਾਜ਼ਾਂ ਵੀ ਆਉਂਦੀਆਂ ਹਨ। ਬਾਬੂ ਰਾਮ ਪ੍ਰਸਾਦ ਅਤੇ ਸਰਦਾਰ ਬਘੇਲ ਸਿੰਘ ਨੂੰ ਜਿਤਾਕੇ ਕਾਮਯਾਬ ਬਣਾਓ ਦੇ ਲੁਭਾਊ ਨਾਅਰੇ ਵੀ ਲਗਦੇ ਹਨ)

**ਭਰਤ :** ਤੂੰ ਸੁਣਿਆ ਕੁਛ--?

**ਪੰਜਾਬ :** ਹਾਂ!--ਜੋ ਤੂੰ ਸੁਣਿਆ ਉਹੀ ਮੈ ਸੁਣਿਆ। ਜੋ ਮੈ ਸੁਣਿਓ ਉਹੀ ਜਨਤਾ ਨੇ ਸੁਣਿਆ-

**ਭਰਤ :** ਸਾਡੀ ਰਾਜਨੀਤੀ ਤੇ ਸਿਆਸਤ ਕਿੰਨੀ ਉਸਾਰੂ ਤੇ ਮਹਾਨ ਹੁੰਦੀ ਜਾ ਰਹੀ ਐ।

**ਪੰਜਾਬ :** ਹਰ ਤਰਫ ਜਬਰ ਤੇ ਜੁਰਮ

**ਭਰਤ :** ਰੇਪ ਤੇ ਬਲਾਤਕਾਰ!

**ਪੰਜਾਬ :** ਗੁੰਡਾਗਰਦੀ ਤੇ ਭ੍ਰਿਸ਼ਟਾਚਾਰ

**ਭਰਤ :** ਬੇਈਮਾਨੀ ਤੇ ਧੋਖੇਬਾਜੀਆਂ

**ਪੰਜਾਬ :** ਦੰਗੇ ਤੇ ਫਸਾਦ!
(ਫਕੀਰੀਆ ਚੀਕਦਾ ਹੈ)

**ਫਕੀਰੀਆ :** ਬੰਦ ਕਰੋ ਇਹ ਬਕਵਾਸ ਰਾਮ ਗਏ ਬਨਵਾਸ!
(ਪਿੱਠ ਵਰਤੀ-ਕਹਿ ਗਏ ਰਾਮ ਸੀਆ ਸੇ---ਇਕ ਦਿਨ ਐਸਾ ਆਏਗਾ--ਹੰਸ ਚੁਗੇ ਗਾ ਦਾਨਾ ਤੁਨਕਾ--ਕਊਆ ਮੋਤੀ ਖਾਏਗਾ--)

**ਭਰਤ :** ਉਹ-ਉਹ ਦੇਖ ਇਕ ਲਾਲਾ ਤੁਰਿਆ ਔਂਦੈ--

**ਪੰਜਾਬ :** ਇਕ ਸਰਦਾਰ ਜੀ ਵੀ ਨੇ-

**ਭਰਤ :** ਹੋਰ ਵੀ ਖਾਸੇ ਲੋਗ ਤੁਰੇ ਔਂਦੇ ਨੇ-

**ਪੰਜਾਬ :** (ਉਦਾਸ ਹੋ ਕੇ) ਇਹ ਵੀ ਗਏ---? ਸਾਡੇ ਕੋਲ ਕੋਈ ਕੰਮ ਕਰਵਾਉਣ ਵਾਲਾ ਕਿਉ ਨੀ ਔਂਦਾ? ਅਸੀ ਕੀ ਰੱਬ ਦੇ ਮਾਂਹ-

**ਫਕੀਰੀਆ :** ਰੱਬ ਦਾ ਨਾਉਂ ਈ ਪਰਮਾਤਮਾ ਹੈ---ਪਰਮਾਤਮਾ ਦਾ ਨਾਉ ਲਿਆ ਕਰੋ---ਉਹ ਕਰੂਗਾ--ਸਾਰਿਆਂ ਨੂੰ ਖਾਣੇ ਲਈ ਰੋਟੀ ਦੇਵੇਗਾ--ਫਕੀਰੀਏ ਸਭ ਜਾਣਦੈ ! ਜਰੂਰ ਭਲੀ

**ਦੋਨੋਂ ਜਣੇ :** (ਆਪਣੇ ਹੱਥ ਵਿਚ ਪਕੜੇ ਡੱਬਿਆਂ ਵੱਲ ਦੇਖਕੇ) ਰੋਟੀ-? ਹਾਂ ਭੁੱਖ ਤਾਂ ਲੱਗੀ ਐ ਪਰ-ਪਰ ਕੋਈ ਮਜਦੂਰੀ ਕਰਵੌਣੇ ਆਲਾ ਗਾਹਕ ਬਹੁੜ ਪਵੇ ਫੇਰ ਰਾਮ ਨਾਲ ਵੇਹਲੇ ਟੈਮ ਉਸਦੇ ਘਰ ਵਿਚ ਬੈਠਕੇ ਈ ਰੋਟੀ ਖਾਂਵੇਗੇ--ਲਾਲਾ ਸਿਆਂ !

**ਫਕੀਰੀਆ :** ਰੋਟੀ ਤਾਂ ਫਕੀਰੀਆ ਵੀ ਖਾਊਗਾ ਹਾਲੇ ਬਿੰਦ ਅਟਕ ਕੇ--ਅੰਬ ਦੇ ਚਾਰ ਨਾਲ--ਪਰ-ਪਰ ਹਾਲੇ ਕੋਈ ਗਾਹਕ ਤਾਂ ਆ ਲੈਣ ਦਿਓ ਪਤੰਦਰੋ ! ਫਕੀਰੀਆ ਸਭ ਜਾਣਦੈ !

**ਦੋਨੋਂ ਜਣੇ :** ਗਾਹਕ? ਗਾਹਕ ਬਥੇਰੇ ਔਣਗੇ---ਜਦੋ੍ਂ --

**ਭਰਤ :** ਜਦੋ ਆਪਣੀਆਂ ਦੁਕਾਨਾਂ ਚੜ੍ਹੀਆਂ ਕਰਾਏ 'ਤੇ?

**ਪੰਜਾਬ :** ਫੇਰ ਜਦੋ ਆਪਣਾ ਬਿਜਨਸ ਨਿਕਲ ਤੁਰਿਆ--

**ਭਰਤ :** (ਹਸਕੇ) ਨਿਕਲ ਤੁਰਿਆ--ਤੁਰੂਗਾ ਨੀ--ਭੱਜੂਗਾ--ਦੌੜੂਗਾ ਆਪਣਾ ਵਪਾਰ---

(ਆਵਾਜ਼ਾਂ ਆਉਦੀਆਂ ਹਨ-ਰਾਮ ਨਾਮ ਸੱਤ ਹੈ--ਰਾਮ ਨਾਮ ਸੱਤ ਹੈ-)

**ਪੰਜਾਬ:** ਇਹ ਕੀਹਦੀ ਅਰਥੀ ਚੱਲੀ ਸੀ?

**ਭਰਤ :** ਅਰਥੀ? ਤੇਰਾ ਮਤਲਬ ਐ ਕੀਹਦਾ ਜਨਾਜਾ ਨਿਕਲਿਆ ਸੀ?

**ਪੰਜਾਬ :** ਹਾਂ ਹਾਂ---ਅਰਥੀ ਹੋਈ ਕਿ ਜਨਾਜਾ?

**ਭਰਤ :** ਇਹ ਅਰਥੀਆਂ ਜਾਂ ਜਨਾਜੇ ਤਾਂ ਰੋਜ ਈ

**ਪੰਜਾਬ :** ਆਮ ਤੌਰ 'ਤੇ ਦੇਖਿਆ ਗਿਐ- ਕਦੇ ਬੇਰੋਜਗਾਰ ਨੌਜਵਾਨ, ਕਦੇ ਮੁਲਾਜਮ, ਕਦੇ ਦੁਕਾਨਦਾਰ, ਕੋਈ-ਕਦੇ ਕੋਈ-ਕਦੇ ਕੋਈ--ਇਨ੍ਹਾਂ ਨੇਤਾਵਾਂ ਲੀਡਰਾਂ ਦੀਆਂ ਅਰਥੀਆਂ ਕੱਢਦਾ ਈ ਰਹਿੰਦੈ ।

**ਭਰਤ :** ਪੁਤਲੇ ਬਣਾਕੇ ਅੱਗ ਲਾ ਦਿੰਦੇ ਨੇ। ਪੰਜਾਬ ਅੱਗ ਦੇ ਧੂੰਏ ਨਾਲ ਤਾਂ ਫੇਰ ਪ੍ਰਦੂਸ਼ਣ-- ਭਰਤ ਪ੍ਰਦੂਸਣ ਕਿਤੇ ਥੌੜੈ?ਕਿਰਸਾਨਾ ਨੂੰ ਕਾਹਦਾ ਦੋਸ਼? ਇਹ ਟਰੈਫਿਕ ਦਾ ਧੂੰਆਂ ਈ ਨੀ ਮਾਣ ! ਕਾਰਖਾਨੇ ਫੈਕਟਰੀਆਂ ਵਾਲੇ ਅੱਡ-

**ਪੰਜਾਬ :** ਪਰ ਆਪਾਂ ਦੇਖਣ ਨੂੰ ਆਮ ਜਿਹੇ ਲੋਕ ਕਿਹੜਾ ਘੱਟ ਗੁਜ਼ਾਰਦੇ ਆਂ? (ਰੋਹ ਨਾਲ) ਮੈ ਤਾਂ ਅੱਗ ਲਾਕੇ ਫੂਕ ਦੂੰ ਲੰਕਾ !

**ਭਰਤ :** ਕਿਉ ਅੱਗਾਂ ਦੀ ਗੱਲ ਕਰਦੈ ਫਕੀਰੀਆ? ਪਹਿਲਾਂ ਕਿਤੇ ਘੱਟ ਹੋ ਰਹੀ ਐ



ਆਪਣੇ ਮੁਲਕ 'ਚ ।

**ਪੰਜਾਬ :** ਹਰ ਥਾਂ ਦੰਗੇ ਫਸਾਦ ਆਦਮੀ ਹੋਇਆ ਬੇਹਾਲ !

(ਪਿੱਠ ਵਰਤੀ ਦੰਗੇ ਫਸਾਦਾਂ ਦਾ ਮਾਹੌਲ। ਮਾਰੋ-ਮਾਰੀ ਦੇ ਨਾਅਰੇ ਗੂੰਜਦੇ ਹਨ)

**ਭਰਤ :** ਮੈ ਤਾਂ ਡਾਹਢਾ ਹੀ ਡਰ ਗਿਆ ਸਾਂ ।ਮੇਰੇ ਡਰ ਦੀ ਹੈ ਨਿੱਕੀ ਜਿੰਨੀ ਕਹਾਣੀ ।ਨਾ ਰੋਟੀ ਨਾ ਪਾਣੀ ।ਮੈ ਬੇਜ਼ਮੀਨਾ, ਸੀਰੀ ਦਾ ਪੁੱਤਰ।ਮੇਰੀ ਮਾਂ ਕਰਦੀ ਸੀ ਲੋਕਾਂ ਦੇ ਗੋਹਾ ਕੂੜਾ ।ਮਰ ਮਰਕੇ ਉਨ੍ਹਾਂ ਮੈਨੂੰ ਪੜ੍ਹਾਇਆ ।ਪਰ ਪੜ੍ਹ ਲਿਖਕੇ ਨੌਕਰੀ 'ਤੇ ਉਠੇ ਸਵਾਲ ।ਹੁਣ ਤੱਕ ਹਾਂ ਬੇਰੋਜ਼ਗਾਰ !

**ਪੰਜਾਬ :** ਮੇਰੀ ਵੀ ਛੋਟੀ ਜਿੰਨੀ ਕਹਾਣੀ । ਮੈਂ ਇਕ ਗਰੀਬ ਕਿਰਸਾਨ ਦਾ ਪੁੱਤਰ। ਮੇਰਾ ਪਿਓ ਗਰੀਬੀ ਹੰਢਾਉਦਾ ਤਿਲ ਤਿਲ ਕਰਕੇ ਗੰਭੀਰ ਬੀਮਾਰੀ ਦੀ ਭੇਟ ਚੜ੍ਹਿ ਆ । ਮੇਰੀ ਮਾਂ ਨੇ ਲੋਕਾਂ ਦੇ ਕੱਪੜੇ ਸੀ ਸੀ ਕੇ ਮੈਨੂੰ ਪੜ੍ਹਾਇਆ ਲਿਖਾਇਆ ਤੇ ਇਸ ਯੋਗ ਬਣਾਇਆ--ਕਿ ਮੇਰੀ ਯੋਗਤਾ ਹੀ ਮੇਰੇ ਰਾਹ ਦੀ ਰੁਕਾਵਟ ਹੋ ਗਈ ।ਹਾਲੇ ਤੱਕ ਵੇਹਲਾ ਹਾਂ,ਨੌਕਰੀਆਂ ਦੀਆਂ ਲਾਈਨਾਂ ਵਿਚ ਲਗਕੇ ਖੁਦ ਈ ਇਕ ਲਾਈਨ ਹੋ ਗਿਆ ਹਾਂ।

**ਫਕੀਰੀਆ :** ਮੁੰਡਿਓ ! ਕੁੜੀਓ ! ਮੇਰੀ ਵੀ ਹੈ ਇਕ ਅਜਬ ਕਹਾਣੀ,ਨਾ ਰਾਸ਼ਨ ਨਾ ਪਾਣੀ। ਮੇਰੇ ਪਾਸ ਹੈ ਪੁਰਖਿਆਂ ਦੀ ਇਕ ਨਿੱਕੀ ਜਿੰਨੀ ਦੁਕਾਨ ।ਸੌਦੇ ਪੱਤੇ ਤੋ ਹਾਂ ਬੇਹਾਲ, ਖਾ ਲਿਆ ਮੈਨੂੰ ਸਮੇ ਦੀ ਸਰਕਾਰ ! ਫਕੀਰੀਆ ਸਭ ਜਾਣਦੈ (ਰਲਕੇ ਗਾਣਾ ਗਾਉਦੇ ਹਨ--ਹਾਲ ਚਾਲ ਠੀਕ ਠਾਕ ਹੈ, ਬੀ.ਏ ਕੀਆ ਐਮ. ਏ ਕੀਆ ਫਿਰ ਵੀ ਲਗਤਾ ਹੈ ਐਵੇ ਕੀਆ--ਹਾਲ ਚਾਲ ਠੀਕ ਠਾਕ ਹੈ—)

**ਭਰਤ :** ਪੰਜਾਬ ਸਿੰਹਾਂ ! ਸਿਆਣੇ ਕਹਿੰਦੇ ਨੇ ਜੇ ਮਿੱਟੀ ਨੂੰ ਹੱਥ ਲਾਈਏ ਤਾਂ ਇਹ ਵੀ ਸੋਨਾ ਬਣ ਜਾਂਦੀ ਐ?

**ਪੰਜਾਬ :** ਹੱਥ ਲਾਈਏ ਤਾਂ ਸੋਨਾ?

**ਭਰਤ :** ਹੋਰ ਕੀ ! ਮਿੱਟੀ ਹੱਥ ਲਾਉਂਦਿਆਂ ਹੀ ਸੋਨਾ ਬਣ ਜਾਂਦੀ ਐ । ਬੇਸ਼ਕ ਤੂੰ ਪਰਤਿਆਕੇ ਦੇਖ ਲੈ?

**ਪੰਜਾਬ :** ਮੈ ਕਿਉ ਲਾਵਾਂ, ਤੂੰ ਲਾ--ਤੂੰ ਈ ਤਾਂ ਕਹਿਣੈ ਕਿ ਮਿੱਟੀ ਨੂੰ ਹੱਕ ਲਾਇਆਂ ਸੋਨਾ--?

**ਭਰਤ :** ਹੋਰ ਕੀ ਮੈ ਝੂਠ ਬੋਲਦੈ? (ਦਰਸ਼ਕਾਂ ਵੱਲ) ਚਾਹੇ ਇਨ੍ਹਾਂ ਲੋਗਾਂ ਨੂੰ ਪੁੱਛ ਲੈ--- ਜੇ ਮੈ ਝੂਠ ਬੋਲਾਂ ਤਾਂ ਮੇਰਾ ਸਿਰ ਤੇ ਤੇਰੀਆਂ ਜੁੱਤੀਆਂ

**ਪੰਜਾਬ :** ਲਾਹਵਾਂ ਫੇਰ ਜੁੱਤੀ--?

**ਭਰਤ :** (ਹਸਕੇ) ਉਏ ਨਹੀ ਨਹੀਂ ! ਭਰਤਿਆ ਮੈ ਤਾਂ ਉਈਂ ਹਸਦਾ ਸੀ--ਪਰ-

**ਪੰਜਾਬ :** ਪਰ ਕੀ?

**ਭਰਤ :** ਤੂੰ ਕੀ ਅੰਨੈ-ਹੁਣ ਤੂੰ ਦੇਖ ਤਾਂ ਰਿਹੈਂ, ਆਹ ਪਰਾਪਰਟੀਆਂ ਜ਼ਮੀਨਾ ਜੈਦਾਦਾਂ ਵੇਚ-ਵੱਟ ਕੇ ਦਲਾਲਾਂ ਨੇ ਸੋਨਾ ਈ ਤਾਂ ਬਣਾਇਐ?ਕੀ ਇਹ ਮਿੱਟੀ ਨੀ ਸੀ? ਮਿੱਟੀ ਚੋ ਸੋਨਾ ਨੀ ਪੈਦਾ ਕੀਤਾ?

**ਪੰਜਾਬ :** (ਗੰਭੀਰ ਹੋਕੇ) ਪਰ ਆਪਣੇ ਮਾਪਿਆਂ ਨੇ---ਮਿੱਟੀ ਨਾਲ ਮਿੱਟੀ ਹੋਕੇ ਕੀ ਖੱਟਿਆ?

**ਭਰਤ :** ਸੋਨਾ ਤਾਂ ਦੂਰ---ਦੁੱਖ ਦਲਿੱਦਰ ਤੇ ਗਰੀਬੀ ਦੀ ਦਲਦਲ

**ਫਕੀਰੀਆ :** ਇਸ ਦਲਦਲ ਵਿਚ ਤਾ ਮੈ ਧਸਦਾ ਜਾ ਰਿਹਾ ਹਾਂ--(ਦਰਸ਼ਕਾਂ ਨੂੰ) ਮੈਨੂੰ ਬਚਾਓ ਓਏ ਲੋਕੋ ! ਰੱਬ ਦੀ ਸੌਂਹ ਫਕੀਰੀਏ ਨੂੰ ਕੁਛ ਨੀਂ ਪਤਾ

(ਮੰਚ ਪਿੱਛੋਂ ਆਵਾਜ਼ਾਂ ਆਉਦੀਆਂ ਹਨ--ਜਿੱਤੇ ਗਾ ਵੀ ਜਿੱਤੇਗਾ--ਫੁੱਲ ਗੁਲਾਬ ਦਾ ਜਿੱਤੇਗਾ--ਖਿੜਿਆ ਫੁੱਲ ਗੁਲਾਬ ਦਾ ਚੰਡੀਗੜ੍ਹ ਪੰਜਾਬ ਦਾ---।ਫੁੱਲ ਜਿੱਤੇਗਾ--? ਜਿੱਤਦੀ ਐ ਮੇਰੀ ਜੁੱਤੀ-?

**ਭਰਤ :** ਮੈਨੂੰ ਲੱਗਿਆ ਇਹ ਕਿਤੇ ਲੀਡਰਾਂ ਦਾ ਜਨਾਜ਼ਾ ਨਿਕਲਿਆ ਸੀ?

**ਪੰਜਾਬ :** ਹਾਂ ਅਰਥੀ ਤਾਂ ਮੈਨੂੰ ਵੀ ਜਾਂਦੀ ਦਿਖੀ ਸੀ?

**ਫਕੀਰੀਆ :** ਐਥੇ ਨਿੱਤ ਦਿਨ ਅਰਥੀਆਂ ਨਿਕਲਦੀਆਂ ਨੇ, ਹਰ ਰੋਜ਼ ਜਨਾਜ਼ੇ !

(ਤਿੰਨੋ ਜਣੇ ਸਿਰ ਸੁੱਟਕੇ ਬੈਠ ਜਾਂਦੇ ਹਨ, ਜਿਵੇਂ ਮੁਰਦਾ ਫੂਕ ਜਾਂ ਦੱਬਕੇ ਆਏ। ਪਿੱਠ ਵਰਤੀ ਨੀਲਾਮੀ ਦੀਆਂ ਅਵਾਜ਼ਾਂ ਆਉਦੀਆਂ ਹਨ। ਤਿੰਨੋ ਜਣੇ ਇਕ ਇਕ ਕਰਕੇ ਖੜ੍ਹੇ ਹੁੰਦੇ ਹਨ,ਕਦੇ ਏਧਰ ਓਧਰ ਤੇ ਕਦੇ ਦਰਸ਼ਕਾਂ ਵੱਲ ਵੇਖਦੇ ਹਨ)

**ਭਰਤ :** ਕਬਾੜ ਦੀ ਨੀਲਾਮੀ ਹੋ ਰਹੀ ਹੈ, ਆਪਾਂ ਵੀ ਬੋਲੀ ਦਿਆਂਗੇ।

**ਪੰਜਾਬ :** ਹਾਂ ਆਪਾਂ ਕਬਾੜ ਦੀ ਬੋਲੀ ਲਾਵਾਂਗੇ।

**ਫਕੀਰੀਆ :** ਕਬਾੜ ਕੱਠਾ ਕਰਕੇ ਵੇਚਾਂਗੇ--

**ਤਿੰਨੋ ਜਣੇ :** ਹਾਂ ਅਸੀ ਕਬਾੜ ਕੱਠਾ ਕਰਾਂਗੇ--ਕਬਾੜੀਏ ਬਣਾਂਗੇ--ਹਰ ਮਾੜੀ ਤੇ ਜੰਗਾਲੀ ਚੀਜ਼ ਖਰੀਦਾਂਗੇ।

**ਭਰਤ :** ਪਰ ਕਬਾੜ ਖਰੀਦਣ ਲਈ ਵੀ ਤਾਂ ਪੈਸੇ ਦੀ ਜ਼ਰੂਰਤ ਹੁੰਦੀ ਐ?

**ਪੰਜਾਬ :** ਤੇ ਫਕੀਰੀਆ-ਹਾਂ ਇਸ ਕੰਮ ਲਈ ਵੀ ਰੁਪੱਈਏ ਚਾਹੀਦੇ ਨੇ?

**ਭਰਤ :** ਨਹੀ-ਇਸ ਕੰਮ ਲਈ ਮੈ ਦੇਖਿਐ ਬੰਦਿਆਂ ਨੂੰ,ਜਨਾਨੀਆਂ ਨੂੰ । ਉਹ ਗਲੀਆਂ, ਸੜਕਾਂ, ਖਾਲੀ ਪਲਾਟਾਂ ਤੇ ਏਥੋਂ ਤੱਕ ਕਿ ਰੂੜੀਆਂ ਅਤੇ ਹੋਰ ਗੰਦ ਦੇ ਢੇਰਾਂ ਵਿਚੋ ਤਰ੍ਹਾਂ ਤਰ੍ਹਾਂ ਦਾ ਕਬਾੜ ਕੱਠਾ ਕਰਦੇ ਨੇ । ਇਵੇਂ ਉਨ੍ਹਾਂ ਕੋਲ ਮੁਲਕ ਭਰ ਦਾ ਕਾਫੀ ਕਬਾੜ ਕੱਠਾ ਹੋ ਜਾਂਦਾ ਹੈ । ਫੇਰ ਉਹ ਕਬਾੜ ਕਿਸੇ ਨਿੱਕੇ ਵੱਡੇ ਕਬਾੜੀਏ ਕੋਲ---। ਅਤੇ ਇਵੇ ਹੌਲੀ ਹੌਲੀ ਉਹ ਵੀ



ਨਿੱਕੇ ਵੱਡੇ ਕਬਾੜੀਏ ਬਣ ਕੇ ਕੁਰਸੀਆਂ 'ਤੇ ਬੈਠ ਜਾਂਦੇ ਨੇ !

**ਪੰਜਾਬ ਤੇ**
**ਫਕੀਰੀਆ :** ਕੁਰਸੀਆਂ?

**ਭਰਤ :** ਹਾਂ ਕੁਰਸੀਆਂ ਕੁਰਸੀਆਂ ਦੀ ਵੀ ਬੋਲੀ ਲਾਈ ਹੋਵੇਗੀ । ਪੁਰਾਣੀਆਂ ਤੇ ਟੁੱਟੀਆਂ ਹੋਈਆਂ ਕੁਰਸੀਆਂ ਦੀ ਨੀਲਾਮੀ ਕੀਤੀ ਜਾਵੇਗੀ।

**ਪੰਜਾਬ :** ਤੇ ਫਕੀਰੀਆ ਬੋਲੀ? ਨੀਲਾਮੀ?

**ਭਰਤ :** ਹਾਂ ਪੁਰਾਣੀਆਂ, ਟੁੱਟੀਆਂ ਹੋਈਆਂ । ਘੁਣ ਖਾਧੀਆਂ ਤੇ ਜੰਗਾਲੀਆਂ ਕੁਰਸੀਆਂ ਨੀਲਾਮ ਕੀਤੀਆਂ ਜਾਣਗੀਆਂ । ਜਿਸ ਵੀ ਮਾਈ ਭਾਈ ਨੇ ਇਹ ਖਰੀਦਣੀਆਂ ਹੋਣ ਤਾਂ ਉਹ ਆਪਣਾ ਨਾਂ ਸਾਡੇ ਕੋਲ ਦਰਜ ਕਰਵਾ ਸਕਦਾ ਹੈ। ਅਸੀ ਕਰਾਂਗੇ ਪੁਰਾਣੀਆਂ ਤੇ ਘੁਣ ਖਾਧੀਆਂ ਕੁਰਸੀਆਂ ਦੀ ਨੀਲਾਮੀ !

**ਪੰਜਾਬ :** ਤਾਂ ਹੁਣ ਨੀਲਾਮੀ ਦਾ ਕੰਮ ਆਰੰਭ ਹੁੰਦਾ ਹੈ।

**ਫਕੀਰੀਆ :** ਸਾਰਿਆਂ ਨੂੰ ਇਸ ਸੁਨਿਹਰੀ ਮੌਕੇ ਦਾ ਲਾਭ ਉਠਾਉਣ ਦੀ ਪੂਰੀ ਖੁੱਲ੍ਹ ਦਿੱਤੀ ਜਾਂਦੀ ਹੈ। (ਨੀਲਾਮੀ ਹੁੰਦੀ ਹੈ,ਪਰ ਤੁਰੰਤ ਪਿੱਠ ਵਰਤੀ ਆਵਾਜ਼ਾਂ ਆਉਦੀਆਂ ਹਨ

**ਆਵਾਜ਼ਾਂ :** ਦੋ ਟਕੇ ਦੇ ਕਬਾੜੀਓ ! ਤੁਸੀ ਸਾਡੀਆਂ ਕੁਰਸੀਆਂ ਨੀਲਾਮ ਕਰਨ ਲੱਗੇ ਹੋ? ਤੁਸੀਂ ਸੰਵਿਧਾਨ ਦੀ ਉਲੰਘਣਾ ਕੀਤੀ ਹੈ । ਤੁਸੀ ਨਾਗਰਿਕਤਾ ਕਾਨੂੰਨ ਦੇ ਵੀ ਦੋਸ਼ੀ ਪਾਏ ਜਾਂਦੇ ਹੋ। ਤੁਹਾਨੂੰ ਹੁਣੇ ਤੇ ਇਸੇ ਵਕਤ ਦੇਸ਼ ਨਿਕਾਲੇ ਦੇ ਹੁਕਮ ਦਿੱਤੇ ਜਾਂਦੇ ਹਨ--

(ਫਕੀਰੀਆ ਪੁਲੀਸ ਬਣ ਜਾਂਦਾ ਹੈ ਤੇ ਦੂਸਰੇ ਦੋਨੋ ਦੋਸ਼ੀ । ਪੁਲੀਸ ਵਾਲਾ ਦੋਹਾਂ ਦੇ ਟਿਫਨ ਖੋਹ ਲੈਂਦਾ ਹੈ। ਪਿੱਠ ਵਰਤੀ ਨਗਮਾ ਗੂੰਜਦਾ ਹੈ---ਯੇ ਦੇਸ਼ ਹੈ ਵੀਰ ਜਵਾਨੋ ਕਾ, ਅਲਬੇਲੋ ਕਾ ਮਸਤਾਨੋ ਕਾ, ਇਸ ਦੇਸ਼ ਕਾ ਯਾਰੋ ਕਯਾ ਕਹਿਨਾ, ਯੇ ਦੇਸ਼ ਹੈ ਭਾਰਤ ਕਾ ਗਹਿਨਾ-

**5/8 ਘੁੰਮਣ ਨਗਰ ਸਰਹਿੰਦ ਰੋਡ ਪਟਿਆਲਾ ।**
**98145-07693**

# ਨਿਬੰਧ

## ਸੋਹਣ ਸਿੰਘ ਸ਼ੀਤਲ

**-ਰਾਜਿੰਦਰ ਵਰਮਾ**

ਗਿਆਨੀ ਸੋਹਣ ਸਿੰਘ ਸੀਤਲ ਨੂੰ ਬਤੌਰ ਢਾਡੀ ਵਜੋਂ ਜਾਣਿਆ ਜਾਂਦਾ ਰਿਹਾ ਹੈ ਪ੍ਰੰਤੂ ਉਸ ਇੱਕ ਪ੍ਰਸਿੱਧ ਸਾਹਿਤਕਾਰ ਹੋਏ ਹਨ ਜਿਨ੍ਹਾਂ ਸਾਹਿਤ ਦੀ ਹਰ ਵਿਧਾ ਉਤੇ ਕੰਮ ਕੀਤਾ ਹੈ। ਮਾਤ ਭਾਸ਼ਾ ਦੇ ਮਾਣਮੱਤੇ ਇਸ ਹੀਰੇ ਦਾ ਜਨਮ 7 ਅਗਸਤ 1909 ਨੂੰ ਕਾਦੀਵਿੰਡ (ਲਾਹੌਰ) ਵਿਖੇ ਪਿਤਾ ਸ. ਖੁਸ਼ਹਾਲ ਸਿੰਘ ਦੇ ਗ੍ਰਹਿ ਵਿਖੇ ਮਾਤਾ ਦਿਆਲ ਕੌਰ ਦੀ ਕੁੱਖੋਂ ਹੋਇਆ। ਇਹ ਸਮਾਂ ਸਿੱਖੀ ਦੇ ਪ੍ਰਚਾਰ ਦਾ ਸਮਾਂ ਸੀ। ਆਪ ਰਾਗੀ ਢਾਡੀ ਦੀ ਸੰਗਤ ਕਰਦੇ ਅਤੇ ਉਨਵਾਂ ਦਾ ਪ੍ਰਭਾਵ ਕਬੂਲਦੇ ਰਹੇ ਸੋ ਪਿੰਡ ਪਿੰਡ ਜਾ ਕੇ ਦੀਵਾਨ ਸਜਾਉਂਦੇ ਅਤੇ ਸਿੱਖੀ ਨੂੰ ਪ੍ਰਫੁੱਲਤ ਕਰਨ 'ਚ ਆਪਣਾ ਯੋਗਦਾਨ ਪਾਉਂਦੇ।

ਉਹ 14 ਵਰ੍ਹਿਆਂ ਦੀ ਉਮਰ 'ਚ ਸਕੂਲ ਗਏ। ਉਹਨਾਂ ਦੀ ਲਗਨ ਅਤੇ ਮਿਹਨਤ ਸਦਕਾ ਉਨ੍ਹਾਂ ਨੂੰ ਦੂਜੀ ਜਮਾਤ 'ਚ ਦਾਖਲਾ ਮਿਲਿਆ। ਕੁਝ ਮਹੀਨਿਆਂ ਬਾਅਦ ਸਤੰਬਰ 1923 'ਚ ਉਨ੍ਹਾਂ ਨੂੰ ਤੀਜੀ ਜਮਾਤ 'ਚ ਭੇਜ ਦਿੱਤਾ ਗਿਆ। ਉਨ੍ਹਾਂ 1930 'ਚ ਸਾਇੰਸ ਅਤੇ ਪੰਜਾਬੀ ਨਾਲ ਮੈਟ੍ਰਿਕ ਪਾਸ ਕੀਤੀ। ਉਨ੍ਹਾਂ ਦੀ ਉਦੋਂ ਫਸਟ ਡਵੀਜ਼ਨ ਆਈ ਸੀ। ਨੌਕਰੀ ਕਰਨ ਨਾਲੋਂ ਉਨ੍ਹਾਂ ਖੇਤੀਬਾੜੀ ਦਾ ਕੰਮ ਸੰਭਾਲ ਲਿਆ ਕਿਉਂਕਿ 1931 'ਚ ਪਿਤਾ ਦੀ ਮੌਤ ਹੋ ਚੁੱਕੀ ਸੀ। 1933 'ਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਪਾਸ ਕੀਤੀ।

ਉਨ੍ਹਾਂ 12-13 ਵਰ੍ਹਿਆਂ ਦੀ ਉਮਰ 'ਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। 1927 ਵਿੱਚ ਪਹਿਲੀ ਕਵਿਤਾ "ਕੁਦਰਤ ਰਾਣੀ" ਕਲਕੱਤੇ ਤੋਂ ਛਪਦੇ ਇੱਕ ਮੈਗਜ਼ੀਨ 'ਚ ਛਪੀ ਸੀ। ਸੱਜਰੇ ਹੰਝੂ ਉਨ੍ਹਾਂ ਦਾ ਪਹਿਲਾ ਕਾਵਿ ਸੰਗ੍ਰਹਿ ਹੋਂਦ 'ਚ ਆਇਆ। 1932 'ਚ ਕੁਝ ਕਹਾਣੀਆਂ ਵੀ ਲਿਖੀਆਂ ਜੋ ਮਾਸਿਕ ਮੈਗਜ਼ੀਨਾਂ 'ਚ ਛਪਦੀਆਂ ਰਹੀਆਂ। ਕਹਾਣੀ ਸੰਗ੍ਰਹਿ "ਕਦਰਾਂ ਬਦਲ ਗਈਆਂ' ਹੋਂਦ 'ਚ ਆਇਆ।

ਕਹਾਣੀ ਅਜੇ ਦੀਵਾ ਬਲ ਰਿਹਾ ਸੀ ਅਤੇ ਜੇਬ ਕੱਟੀ ਗਈ ਨੂੰ ਭਰਵਾਂ ਹੁੰਗਾਰਾ ਮਿਲਿਆ। 1935 ਵਿੱਚ ਉਨ੍ਹਾਂ ਨੇ ਢਾਡੀ ਜਥਾ ਬਣਾਇਆ ਜੋ ਵਾਰ ਰਾਹੀਂ ਸਮਾਜਿਕ ਕਦਰਾਂ ਕੀਮਤਾਂ ਅਤੇ ਇਤਿਹਾਸ ਦੀ ਗੱਲ ਕਰਨ ਲੱਗਾ। ਪੰਜਾਬ 'ਚ ਵਾਰਾਂ ਗਾਉਂਦਿਆਂ ਉਨ੍ਹਾਂ ਦੇ ਜਥੇ ਦੀ ਪੂਰੀ ਚੜ੍ਹਤ ਬਣ ਗਈ ਸੀ। 1960 ਤੋਂ 1970 ਤੱਕ ਉਹ ਕਈ ਵਾਰ



ਵਿਦੇਸ਼ੀ ਦੌਰੇ ਉਤੇ ਜਾ ਕੇ ਆਪਣੀ ਕਲਾ ਦਾ ਇਜ਼ਹਾਰ ਕਰ ਚੁੱਕੇ ਸਨ। ਉਹ 1980 ਤੋਂ 1981 ਤੱਕ ਕਈ ਵਾਰ ਇੰਗਲੈਂਡ ਅਤੇ ਕੈਨੇਡਾ ਗਏ। ਉਨ੍ਹਾਂ 80 ਵਾਰਾਂ ਲਿਖੀਆਂ ਅਤੇ ਮਹਾਰਾਜਾ ਦਲੀਪ ਸਿੰਘ ਦਾ ਇਤਿਹਾਸ ਕਲਮਬੰਦ ਕੀਤਾ ਅਤੇ ਇਨ੍ਹਾਂ ਰਚਨਾਵਾਂ ਨੇ ਖ਼ੂਬ ਨਾਮਣਾ ਖੱਟਿਆ। ਉਨ੍ਹਾਂ ਦੀਆਂ ਪ੍ਰਸਿੱਧ ਵਾਰਾਂ 'ਚ ਸਾਕਾ ਚਮਕੌਰ, ਸਾਕਾ ਗੱਡੀ ਪੰਜਾ ਸਾਹਿਬ, ਸ਼ਹੀਦੀ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਅਤੇ ਭਾਈ ਬਚਿੱਤਰ ਸਿੰਘ ਦਾ ਵਿਸ਼ੇਸ਼ ਜ਼ਿਕਰ ਕੀਤਾ ਜਾ ਸਕਦਾ ਹੈ।

ਨਾਵਲ ਪ੍ਰਤੀ ਉਨ੍ਹਾਂ ਦੀ ਦੇਣ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕੇਗਾ, ਉਨ੍ਹਾਂ ਦੇ ਨਾਵਲਾਂ ਦੀ ਗਿਣਤੀ 24 ਹੈ। ਉਨ੍ਹਾਂ ਦੇ ਨਾਵਲਾਂ ਤੇ ਸਮਾਜਿਕ ਕਦਰਾਂ ਕੀਮਤਾਂ। ਜਾਤ-ਪਾਤ ਅਤੇ ਜਗੀਰਦਾਰੀ ਪ੍ਰਥਾ ਦਾ ਜ਼ਿਕਰ ਆਇਆ ਹੈ। ਉਨ੍ਹਾਂ ਕਿਰਤੀਆਂ ਦੀ ਗੱਲ ਕੀਤੀ ਹੈ। ਗਰੀਬਾਂ ਦੇ ਸ਼ੋਸ਼ਣ ਦਾ ਪਰਦਾਫ਼ਾਸ਼ ਕੀਤਾ ਹੈ। ਸਰਮਾਏਦਾਰੀ ਅਤੇ ਜਗੀਰਦਾਰੀ ਪ੍ਰਥਾ ਨੂੰ ਸੱਟ ਮਾਰੀ ਹੈ। ਨਾਵਲ ਜੁਗ ਬਦਲ ਗਿਆ ਨੂੰ 1974 'ਚ ਭਾਸ਼ਾ ਵਿਭਾਗ ਵੱਲੋਂ ਸਨਮਾਨਿਤ ਕਰਨਾ ਸੀ ਪ੍ਰੰਤੂ ਕੁਝ ਈਰਖਾ ਕਾਰਣ ਅਜਿਹਾ ਨਾ ਹੋ ਸਕਿਆ। ਅੰਤ 1994-95 ਦੇ ਉਨ੍ਹਾਂ ਨੂੰ ਭਾਸ਼ਾ ਵਿਭਾਗ ਵੱਲੋਂ ਸਾਹਿਤ ਸ਼੍ਰੋਮਣੀ ਦਾ ਪੁਰਸਕਾਰ ਦਿੱਤਾ ਗਿਆ ਅਤੇ ਆਪਣੀ ਭੁੱਲ 'ਚ ਸੋਧ ਕੀਤੀ ਗਈ।

ਨਾਵਲ "ਤੂਤਾਂ ਵਾਲਾ ਖੂਹ, ਜੁਗ ਬਦਲ ਗਿਆ ਆਦਿ ਨੌਵੀਂ, ਦਸਵੀਂ ਕਲਾਸ ਲਈ ਸ਼ਾਮਿਲ ਕੀਤੇ ਜਾ ਚੁੱਕੇ ਹਨ। ਇਨ੍ਹਾਂ ਨਾਵਲਾਂ 'ਚ ਦੇਸ਼ ਦੀ ਵੰਡ, ਸਰਮਾਏਦਾਰੀ ਅਤੇ ਜਾਤ-ਪਾਤ ਦਾ ਉਲੇਖ ਕੀਤਾ ਗਿਆ ਹੈ।

ਸੋਹਣ ਸਿੰਘ ਸੀਤਲ ਜੀ ਦੀ ਰਚਨਾ ਸੰਸਾਰ ਇਸ ਪ੍ਰਕਾਰ ਹੈ –

ਨਾਵਲ 24, ਕਹਾਣੀ ਸੰਗ੍ਰਹਿ 2 । ਗੀਤ ਸੰਗ੍ਰਹਿ 2 ਵਾਰਾਂ 80 ਕਾਵਿ ਸੰਗ੍ਰਹਿ 3. ਸਨਮਾਨ ਸਹਿਤ ਅਕਾਡਮੀ 1974 (ਜੁਗ ਬਦਲ ਗਿਆ)

1993 ਸ਼੍ਰੋਮਣੀ ਸਾਹਿਤਕਾਰ – ਭਾਸ਼ਾ ਵਿਭਾਗ, ਪੰਜਾਬ

ਭਾਈ ਗੁਰਦਾਸ ਪੁਰਸਕਾਰ (1994)

23 ਸਤੰਬਰ 1998 ਨੂੰ ਮਾਤ ਭਾਸ਼ਾ ਦਾ ਮਾਣਮੱਤਾ ਹਸਤਾਖ਼ਰ ਸਾਡੇ ਕੋਲੋਂ ਹਮੇਸ਼ਾ ਲਈ ਵਿੱਛੜ ਗਿਆ। ਪੰਜਾਬੀ ਸਾਹਿਤ, ਇਤਿਹਾਸ ਅਤੇ ਵਾਰ ਸਹਿਤ 'ਚ ਪਾਏ ਯੋਗਦਾਨ ਕਾਰਣ ਸੋਹਣ ਸਿੰਘ ਸੀਤਲ ਹਮੇਸ਼ਾ ਲਈ ਸਾਡੇ ਕੋਲ ਹਨ। ਉਨ੍ਹਾਂ ਅੰਗਰੇਜ਼ੀ, ਫਾਰਸੀ, ਉਰਦੂ, ਬ੍ਰਿਜ ਭਾਸ਼ਾ ਅਤੇ ਪੰਜਾਬੀ ਦਾ ਡੂੰਘਾ ਅਧਿਐਨ ਕੀਤਾ ਅਤੇ ਸਹਿਤ ਨੂੰ ਅਣਮੁੱਲਾ ਯੋਗਦਾਨ ਦਿੱਤਾ। ਸਿੱਖ ਧਰਮ ਅਤੇ ਇਤਿਹਾਸ ਪ੍ਰਤੀ ਆਪ ਜੀ ਦੀ ਡੂੰਘੀ ਲਗਨ ਕਾਰਣ ਆਪ ਸਰੋਤਿਆਂ 'ਚ ਹਮੇਸ਼ਾ ਹੀ ਹਰਮਨ ਪਿਆਰ ਰਹੇ।

**ਮੋ. 99153-21910**

# ਪੁਸਤਕ - 'ਉਤਰ-ਪੱਛਮੀ ਭਾਰਤ ਦੇ ਲੋਕ-ਨਾਚ : ਸਭਿਆਚਾਰਕ ਇਤਿਹਾਸ'

## ਰਚਿਤ-ਡਾ. ਜਗੀਰ ਸਿੰਘ ਨੂਰ ( ਨਿਕਟਵਰਤੀ ਅਧਿਐਨ)

**ਵੱਲੋਂ : ਡਾ. ਬਲਕਰਨ ਸਿੰਘ 'ਭਾਗਸਰੀਆ**

ਕਿਸ਼ਤ ਨੰ. 1

ਵਿਸ਼ਾਲ ਭਾਰਤ ਦੇ ਵਿਭਿੰਨ ਖੇਤਰਾਂ 'ਚ ਵੱਸਦੇ ਲੋਕਾਂ ਦਾ ਸਾਂਝਾ ਭਾਰਤੀ ਏਕਤਾ-ਮੁਖੀ ਸਭਿਆਚਾਰ ਹੈ ਅਤੇ ਇਸ ਦੇ ਨਾਲ-ਨਾਲ ਵਿਭਿੰਨ ਖੇਤਰਾਂ ਦਾ ਸਭਿਆਚਾਰਕ ਮੁਹਾਂਦਰਾ ਥੋੜੇ-ਥੋੜੇ ਫ਼ਰਕ ਨਾਲ ਵੱਖੋ-ਵੱਖ ਆਭਾ ਦਾ ਦ੍ਰਿਸ਼ਟਮਾਨ ਸਰੂਪ ਵੀ ਰੱਖਦਾ ਹੈ। ਉੱਤਰ ਹੋਵੇ ਜਾਂ ਦੱਖਣ, ਪੂਰਬ ਹੋਵੇ ਜਾਂ ਪੱਛਮ ਹਰ ਖੇਤਰ ਦਾ ਭਾਰਤੀ ਆਪੋ ਆਪਣੀਆਂ ਲੋਕ-ਕਲਾਵਾਂ 'ਤੇ ਮਾਣ ਵੀ ਕਰਦਾ ਹੈ ਅਤੇ ਪਰੰਪਰਾ ਦਾ ਉਸਾਰੂ ਨਿਭਾਓ-ਪ੍ਰਗਟਾਵਾ ਵੀ ਕਰਦਾ ਰਹਿੰਦਾ ਹੈ। ਅਜਿਹੇ ਗੁਣ ਇਨ੍ਹਾਂ ਸਭਨਾਂ ਲੋਕਾਂ ਦੀਆਂ ਜਨ-ਜਾਤੀਆਂ, ਕਬੀਲਿਆਂ, ਸਮਾਜਿਕ, ਸਭਿਆਚਾਰਕ ਸੰਸਥਾਵਾਂ ਦੁਆਰਾ ਢੁੱਕਵੇਂ ਮੌਕਿਆਂ, ਜਿਨ੍ਹਾਂ ਦਾ ਸੰਬੰਧ ਜਨਮ, ਵਿਆਹ, ਮ੍ਰਿਤੂ ਜਾਂ ਹੋਰ ਅਨੇਕਾਂ ਮੰਗਲਮਈ ਅਵਸਰਾਂ ਨਾਲ ਜੁੜਿਆ ਹੋਇਆ ਹੈ, ਰਹੁ-ਰੀਤਾਂ ਨਿਭਾਉਣ, ਖੁਸ਼ੀਆਂ-ਖੇੜੇ ਮਾਨਣ ਸਮੇਂ ਵਚਿੱਤਰ ਸ਼ਾਨ-ਓ-ਸ਼ੌਕਤ ਨਾਲ ਮਨਾਉਂਦਿਆਂ ਹੋਇਆਂ ਵੇਖਿਆ ਜਾ ਸਕਦਾ ਹੈ। ਇਹਨਾਂ ਸਭਨਾਂ ਲੋਕਾਂ ਨੇ ਬਹੁਤ ਸਾਰੀਆਂ ਸੂਖਮ ਅਤੇ ਸਥੂਲ ਲੋਕ-ਕਲਾਵਾਂ ਨੂੰ ਸਿਰਜਿਆ, ਸੰਵਾਰਿਆ ਅਤੇ ਦੁਨੀਆ ਦੇ ਸਨਮੁੱਖ ਕੀਤਾ ਹੈ। 'ਲੋਕ-ਨਾਚ' ਵੀ ਪ੍ਰਮੁੱਖ ਲੋਕ-ਕਲਾਵਾਂ ਵਿੱਚੋਂ ਇਕ ਹਨ, ਇਨ੍ਹਾਂ ਨੂੰ ਪ੍ਰਦਰਸ਼ਿਤ ਲੋਕ-ਕਲਾਵਾਂ ਦੀ ਸ਼੍ਰੇਣੀ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ।

ਇਸੇ ਪ੍ਰਕਰਣ ਵਿੱਚ ਡਾ. ਜਗੀਰ ਸਿੰਘ ਨੂਰ ਨੇ ਖੇਤਰੀ ਖੋਜ-ਪੱਧਰੀ ਦੇ ਅਨੁਕਰਣੀ ਹੋ ਕੇ, ਸਾਡੇ ਸਨਮੁੱਖ ਉੱਤਰ ਪਛੱਮੀ ਭਾਰਤ ਦੇ ਲੋਕ-ਨਾਚਾਂ ਦਾ ਸਭਿਆਚਾਰਕ ਇਤਿਹਾਸ, ਪ੍ਰਸਤੁਤ ਕੀਤਾ ਹੈ। ਇਸ ਪੁਸਤਕ ਤੋਂ ਪਹਿਲਾਂ ਡਾ. ਨੂਰ ਦੀਆਂ ਉਨੱਤੀ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਸੋਲ੍ਹਾਂ-ਪੁਸਤਕਾਂ ਪੰਜਾਬੀ ਵਿੱਚ ਮੌਲਿਕ ਹਨ, ਪੰਜ ਹਿੰਦੀ ਭਾਸ਼ਾ ਵਿੱਚ ਮੌਲਿਕ ਹਨ, ਦੋ ਪੁਸਤਕਾਂ ਦਾ ਹਿੰਦੀ ਤੋਂ ਪੰਜਾਬੀ ਅਨੁਵਾਦ ਕੀਤਾ ਹੈ ਅਤੇ ਛੇ ਪੁਸਤਕਾਂ ਸੰਪਾਦਿਤ ਰੂਪ ਵਿੱਚ ਹਨ। ਲੋਕ-ਨਾਚਾਂ ਸਬੰਧੀ ਡਾ. ਨੂਰ ਦੀ ਪੁਸਤਕ 'ਪੰਜਾਬ ਦੇ ਲੋਚ-ਨਾਚ' ਭਾਰਤ ਸਰਕਾਰ ਵੱਲੋਂ ਪ੍ਰਕਾਸ਼ਿਤ ਹੋਈ ਸੀ। 'ਪੰਜਾਬਣਾਂ ਦੇ ਲੋਕ-ਨਾਚਃ ਸਭਿਆਚਾਰਕ ਇਤਿਹਾਸ',



'ਪੰਜਾਬੀ ਰਹਿਤਲ', ਲੋਕ ਮਨੋਰੰਜਨਃ ਸਰੋਤ ਤੇ ਪਰੰਪਰ, ਪੰਜਾਬੀ ਜਨ ਜੀਵਨ : ਲੋਕ ਰੰਗ, 'ਪੰਜਾਬੀ ਸਭਿਆਚਾਰ ਮੂਲ-ਪਛਾਣ (ਨੈਸ਼ਨਲ ਬੁੱਕ ਟਰੱਸਟ-ਭਾਰਤ ਸਰਕਾਰ ਵੱਲੋਂ), ਉਸਾਰੂ ਸਾਹਿਤ ਅਤੇ ਨਵੀਂ ਪੀੜ੍ਹੀ ਚਰਨ ਦਾਸ ਸਿੱਧੂ ਦੀ ਨਾਟ-ਦ੍ਰਿਸ਼ਟੀ, ਵਿਚਾਰ-ਅਨੁਭਵ ਅਤੇ ਅਭਿਵਿਅਕਤੀ ਆਦਿ ਪੁਸਤਕਾਂ ਕਈ-ਕਈ ਵਾਰ ਪ੍ਰਕਾਸ਼ਿਤ ਹ ਕੇ, ਸ਼ਲਾਘਾਯੋਗ ਰਹੀਆਂ ਹਨ। ਪੰਜਾਬੀ ਮੁਹਾਵਰਾ ਅਤੇ ਅਖਾਣਕੋਸ਼" ਅਤੇ ਨਾਟਕ ਸਿਧਾਂਤ ਉਘੀਆਂ ਪੁਸਤਕਾਂ ਹਨ। ਡਾ. ਨੂਰ ਦੀ ਪ੍ਰਬਲ ਭਾਵਨਾ ਰਹੀ ਕਿ ਉਹ ਭਾਰਤੀ ਸੰਸਕ੍ਰਿਤੀ ਦੇ ਉਨ੍ਹਾਂ ਪੱਖਾਂ ਵਿੱਚ ਡੂੰਘੀ ਦਿਲਚਸਪੀ ਵਿਖਾਵੇ ਕਿ ਜਿਨ੍ਹਾਂ ਪੱਖਾਂ ਬਾਬਤ ਬਹੁਤ ਘੱਟ ਕਾਰਜ ਹੋਇਆ ਹੈ, ਜੋ ਹੋਇਆ ਵੀ ਹੈ ਤਾਂ ਉਹ ਕੇਵਲ ਸਿਧਾਂਤਕ ਜਾਂ ਨਿਰੋਲ ਪ੍ਰਦਰਸ਼ਿਤ ਦੀਆਂ ਸੀਮਾਵਾਂ ਤੱਕ ਸੀਮਿਤ ਸੀ, ਸੋ ਡਾ. ਜਗੀਰ ਸਿੰਘ ਨੂਰ ਨੇ ਇਸ ਪੁਸਤਕ ਵਿੱਚ ਪਹਿਲਾਂ ਇਕ ਨਹੀਂ, ਚਾਰ ਪ੍ਰਾਂਤਾਂ ਦੇ ਖੇਤਰ ਨੂੰ ਆਪਣੇ ਅਧਿਐਨ ਅਤੇ ਇਸ ਦੀ ਪੇਸ਼ਕਾਰੀ ਦਾ ਕੇਂਦਰ ਬਿੰਦੂ ਮਿੱਥਿਆ ਹੈ।

ਡਾ. ਜਗੀਰ ਸਿੰਘ ਨੂਰ ਨੇ ਇਸ ਪੁਸਤਕ ਨੂੰ ਵਿਸਤ੍ਰਿਤ ਰੂਪ ਪ੍ਰਦਾਨ ਕਰਨ ਹਿੱਤ, ਇਸ ਦੇ ਅਧਿਆਇ ਨਿਰਧਾਰਿਤ ਕੀਤੇ ਹਨ। ਪਹਿਲਾ ਅਧਿਆਇ 'ਲੋਚ ਨਾਚ : ਸਿਧਾਂਤਕ ਰੂਪ' ਦੂਸਰਾ ਅਧਿਆਇ 'ਜੰਮੂ-ਕਸ਼ਮੀਰ ਦੀ ਲੋਕ-ਨਾਚ ਪਰੰਪਰਾ : ਭੂਗੋਲਿਕ, ਇਤਿਹਾਸਕ ਅਤੇ ਸਭਿਆਚਾਰਕ ਸੰਦਰਭ' ਹੈ। ਤੀਸਰਾ ਅਧਿਆਇ 'ਹਿਮਾਚਲ ਪ੍ਰਦੇਸ਼ ਦੀ ਲੋਕ ਨਾਚ ਪਰੰਪਰਾ : ਖੇਤਰੀ ਇਤਿਹਾਸ" ਅਤੇ ਸਾਂਸਕ੍ਰਿਤਕ ਅਧਿਐਨ' ਹੈ। ਚੌਥਾ ਅਧਿਆਇ 'ਪੰਜਾਬ ਦੇ ਲੋਕ-ਨਾਚ : ਇਤਿਹਾਸ ਅਤੇ ਵਿਲੱਖਣਤਾ' ਹੈ, ਜਦਕਿ ਪੰਜਵਾਂ ਅਧਿਆਇ 'ਹਰਿਆਣਾ ਦੇ ਲੋਕ- ਨਾਚ : ਗੌਰਵਮਈ ਜੀਵਨ ਸ਼ੈਲੀ ਅਤੇ ਵਿਭਿੰਨ ਵੰਨਗੀਆਂ ਹੈ। ਪੁਸਤਕ ਦਾ ਛੇਵਾਂ ਅਧਿਆਇ 'ਜੰਮੂ-ਕਸ਼ਮੀਰ, ਹਿਮਾਚਲ, ਪੰਜਾਬ ਅਤੇ ਹਰਿਆਣਾ ਦੇ ਲੋਕ-ਨਾਚਾਂ ਦਾ ਬਦਲਦਾ ਸਰੂਪ, ਦਿਸ਼ਾ ਅਤੇ ਸਾਰਥਕਤਾ ਹੈ। ਪੁਸਤਕ ਦੇ ਅੰਤਮ ਪੰਨਿਆਂ ਉਤੇ ਵਿਸ਼ੇਸ਼ ਅਤੇ ਦੁਰਲੱਭ, ਸਹਾਇਕ ਪੁਸਤਕਾਂ ਦੀ ਸੂਚੀ ਅੰਕਿਤ ਕੀਤੀ ਗਈ ਹੈ। ਇਸ ਪ੍ਰਕਾਰ ਇਹ ਪੁਸਤਕ ਵਿਧੀਵਤ ਵਿਗਿਆਨਕ ਅਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ ਲੇਖਣ-ਪੱਧਰੀ ਦਾ ਨਿਰੂਪਣ ਹੈ।

ਪੁਸਤਕ ਵਿੱਚ ਡਾ. ਨੂਰ ਨੇ ਬੜੇ ਸਾਰਥਿਕ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ। ਉਹ ਜਾਣਦਾ ਹੈ ਕਿ ਨਾਚ ਦਾ ਮਨੁੱਖੀ ਜੀਵਨ ਨਾਲ ਅਨਿੱਖੜਵਾਂ ਸੰਬੰਧ ਹੈ। ਮਨੁੱਖ ਦਾ ਪਹਿਲਾ ਸੰਚਾਰ-ਸਾਧਨ ਨਾਚ ਹੀ ਸੀ ਅਤੇ ਇਹ ਮਨੁੱਖ ਦੇ ਜੀਵਨ ਦੇ ਇਤਿਹਾਸ ਜਿੰਨੀ ਪ੍ਰਾਚੀਨ ਹੈ। ਉਸ ਦੀਆਂ ਮੁੱਢਲੀਆਂ ਅਦਾਵਾਂ ਨਾਚ ਦੀਆਂ ਮੁਦਰਾਵਾਂ ਬਣ ਗਈਆਂ। ਅਜੋਕੇ ਵਿਕਸਤ ਤਾਲਮਈ ਨਾਚਾਂ ਦਾ ਆਧਾਰ, ਪ੍ਰਮੁੱਖ ਰੂਪ ਵਿੱਚ, ਸਰੀਰਕ ਹਰਕਤਾਂ

ਅਤੇ ਸੰਕੇਤ ਹੀ ਹਨ। ਸ਼ਾਸਤਰੀ ਅਤੇ ਸੰਸਾਰ-ਪੱਧਰ 'ਤੇ ਪ੍ਰਚਲਿਤ ਅਨੇਕਾਂ ਹੋਰ ਨਾਚ ਆਦਿ ਕਾਲੀਨ ਨਾਚ, ਕਬੀਲਾ-ਨਾਚ ਅਤੇ ਵਿਸੇਸ਼ਤਰ ਲੋਕ-ਨਾਚਾਂ ਤੋਂ ਹੀ ਵਿਕਸਿਤ ਹੋਏ ਨਾਚ ਹਨ।

ਡਾ. ਨੂਰ ਨੇ ਸਭ ਤੋਂ ਪਹਿਲਾਂ 'ਲੋਕ' ਅਤੇ 'ਨਾਚ' ਦੋਹਾਂ ਸੰਕਲਪਾਂ ਨੂੰ ਉਘੇ ਵਿਦਵਾਨਾਂ, ਕੋਸ਼ਾਂ, ਇਨਸਾਈਕਲੋਪੀਡੀਆ ਦੇ ਪ੍ਰਗਟਾਏ ਵਿਚਾਰਾਂ ਨੂੰ ਰਿੜਕਿਆ ਹੈ ਅਤੇ ਨਤੀਜੇ ਕੱਢਦਿਆਂ ਦਰਸਾਇਆ ਹੈ ਕਿ 'ਲੋਕ' ਸ਼ਬਦ ਵਿਆਪਕ ਅਰਥਾਂ ਦੀ ਧਾਰਨੀ ਹੈ. ਸੰਕਲਪ ਹੈ, ਜਿਸ ਵਿੱਚ ਮਨੁੱਖੀ ਸਮਾਜ ਦੇ ਸਾਰੇ ਉਹ ਲੋਕ ਆ ਜਾਂਦੇ ਹਨ ਜੋ ਸਰਲ ਸੁਭਾਅ, ਸਰਲ ਕਲਾ-ਸਮਰਥਾ ਵਾਲੇ ਹੁੰਦੇ ਹਨ। ਇਸ ਪ੍ਰਕਾਰ ਦੇ ਲੋਕ ਬਣਾਉਟੀ ਵੇਖ-ਵਿਖਾਲੇ, ਸੰਕੀਰਨ ਅਤੇ ਅਭਿਮਾਨੀ ਬਿਰਤੀ ਵਾਲੇ ਨਹੀਂ ਹੁੰਦੇ। ਸਗੋਂ ਇਨ੍ਹਾਂ ਦਾ ਤੌਰ ਤਰੀਕਾ, ਵਰਤੋਂ-ਵਿਹਾਰ, ਖਾਣ ਪੀਣ, ਪਹਿਰਾਵਾ, ਮਨ-ਪ੍ਰਚਾਵਾ, ਕੰਮ-ਧੰਦਾ ਆਦਿ ਸਭ ਕੁਝ ਸਰਲ ਅਤੇ ਸਹਿਜ ਭਾਵ ਹੀ ਪ੍ਰਵਾਹਮਾਨ ਹੁੰਦਾ ਰਹਿੰਦਾ ਹੈ। ਇਸੇ ਤਰ੍ਹਾਂ 'ਨਾਚ' ਸਬੰਧੀ ਉਸ ਦੀ ਸ਼ਾਬਦਿਕ ਸੋਚ ਹੈ ਕਿ ਨਾਚ ਅਜਿਹੀ ਕਲਾ ਹੈ ਜਿਸ ਦੁਆਰਾ ਮਨੁੱਖ ਜਾਂ ਮਨੁੱਖ-ਸਮੂਹ ਆਪਣੀ ਅੰਦਰੂਨੀ ਖੁਸ਼ੀ, ਗ਼ਮੀ, ਮਸਤੀ, ਖੇੜੇ ਅਤੇ ਅੰਤਰਲੀਨਤਾ ਨੂੰ ਸੁਹਜਾਤਮਕ ਭਾਵਨਾ ਸਹਿਤ ਕਿਸੇ ਸਥਾਨ ਅਤੇ ਸਮਾਂ-ਵਿਸੇਸ਼ 'ਤੇ ਸਾਜ-ਸੰਗੀਤ-ਤਾਲ ਅਤੇ ਲੈਅ ਨਾਲ ਆਪਣੀਆਂ ਸਰੀਰਕ ਮੁਦਰਾਵਾਂ ਰਾਹੀਂ ਦੂਜਿਆਂ (ਦਰਸ਼ਕਾਂ) ਤੱਕ ਪਹੁੰਚਾ ਸਕਦਾ ਹੈ। ਪੇਸ਼ਕਰਤਾ ਦੀਆਂ ਇਹ ਨਾਚ-ਮੁਦਰਾਵਾਂ ਸਮਾਂ ਸਥਾਨ, ਪਾਤਰ ਅਤੇ ਪਰਸਥਿਤੀਆਂ ਅਨੁਸਾਰ ਵੱਖ-ਵੱਖ ਵੀ ਹੋ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਸਿੱਖਣ ਵਾਸਤੇ ਅਭਿਆਸ ਦੀ ਵੀ ਲੋੜ ਹੋ ਸਕਦੀ ਹੈ। ਲੇਖਕ ਦੇ ਇਹੋ ਜਿਹੇ ਵਿਚਾਰ ਧਾਰਨ ਕਰਨ ਯੋਗ ਹਨ।

ਬਹੁਤ ਸਾਰੇ ਵਿਦਵਾਨਾਂ ਨੇ ਨਾਚ ਦੀਆਂ ਵਿਭਿੰਨ ਵੰਨਗੀਆਂ ਦੱਸਦੀਆਂ ਹਨ। ਸਭਨਾਂ ਦਾ ਨਿਚੋੜ ਕੱਢਦਿਆਂ ਹੋਇਆਂ ਡਾ. ਨੂਰ ਨੇ ਵਿਗਿਆਨਕ ਦ੍ਰਿਸ਼ਟੀ ਤੋਂ, ਮੰਨਣਯੋਗ ਪੰਜ ਵੰਨਗੀਆਂ ਦੱਸੀਆਂ ਹਨ, ਜਿਵੇਂ ਕਿ 1. ਆਦਿ ਕਾਲੀਨ ਨਾਚ 2. ਕਬੀਲਾ ਨਾਚ 3. ਲੋਕ-ਨਾਚ 4. ਸ਼ਾਸ਼ਤਰੀ ਨਾਚ ਅਤੇ 5. ਆਧੁਨਿਕ ਰਲਗੱਡ ਨਾਚ। ਇਨ੍ਹਾਂ ਵੰਨਗੀਆਂ ਦੇ ਨਾਚਾਂ ਦੇ ਉਦਮ, ਪ੍ਰਚਲਨ ਹੋਣ, ਇਨ੍ਹਾਂ ਦੀਆਂ ਸੀਮਾਵਾਂ-ਸੰਭਾਵਨਾਵਾਂ, ਬੰਦਸ਼ਾਂ ਆਦਿ ਦਾ ਉਲੇਖ ਵੀ ਵਿਸਤਾਰ ਪੂਰਵ ਕੀਤਾ ਗਿਆ ਹੈ। ਉਕਤ ਵੰਨਗੀਆਂ ਦੇ ਨਾਚਾਂ ਦੇ ਆਪਸੀ ਟਾਕਰੇ (ਵਿਭਿੰਨਤਾਵਾਂ) ਨੂੰ ਪੇਸ਼ ਕਰਦੇ ਸਮੇਂ ਲੋਕ-ਨਾਚ ਨੂੰ ਵਿਸੇਸ਼ ਮਹੱਤਤਾ ਦਿੱਤੀ ਹੈ।

ਪੁਸਤਕ ਵਿੱਚ ਸਾਰੇ ਵਿਦਵਾਨਾਂ ਦੁਆਰਾ ਲੋਕ-ਨਾਚ ਦੀਆਂ ਕੀਤੀਆਂ ਪਰਿਭਾਸ਼ਾਵਾਂ ਅੰਕਿਤ ਹਨ ਡਾ. ਨੂਰ ਨੇ ਤਰਕਸੰਗਤ ਤਰੀਕੇ ਨਾਲ ਸਭਨਾਂ ਦਾ



ਨਿਰੀਖਣ ਕੀਤਾ ਹੈ ਅਤੇ ਆਪਣੀ ਰਾਇ ਬਣਾਈ ਹੈ ਕਿ ਲੋਕ-ਨਾਚ ਮਨੋਰੰਜਨਮਈ ਲੋਕ ਕਲਾ ਹੀ ਨਹੀਂ, ਇਹ ਕਿਸੇ ਖਿੱਤੇ ਦੇ ਜਨ-ਸਮੂਹ ਦੀ ਸਮਾਜਿਕ, ਸਭਿਆਚਾਰਕ, ਨੈਤਿਕ, ਧਾਰਮਿਕ, ਰਾਜਨੀਤਕ ਅਤੇ ਇਤਿਹਾਸਕ ਜੀਵਨ- ਤੌਰ ਦੀਆਂ ਸਰਬਾਂਗੀ ਪਰਤਾਂ ਦਾ ਸਰੀਰਕ ਮੁਦਰਾਵਾਂ ਦੇ ਮਾਧਿਅਮ ਰਾਹੀਂ ਆਪ-ਮੁਹਾਰਾ, ਸਾਧਾਰਨ ਪਰ ਪਿੱਚ-ਭਰਪੂਰ ਖੁਸ਼ੀਆਂ-ਖੇੜਿਆਂ, ਚਾਵਾਂ-ਮਲਾਵਾਂ ਭਰਪੂਰ, ਜੋ ਕੱਟੜ ਨਿਯਮਾਂਵਲੀ ਤੋਂ ਰਹਿਤ, ਅੰਦਰੂਨੀ ਭਾਵਨਾਵਾਂ ਦਾ ਬਾਹਰੀ ਪ੍ਰਗਟਾਵਾ ਹੈ ਜੋ ਪੁਸ਼ਤ-ਦਰ-ਪੁਸ਼ਤ ਪ੍ਰਵਾਹਮਾਨ ਹੁੰਦਾ ਰਹਿੰਦਾ ਹੈ। ਇਸ ਨੂੰ ਪ੍ਰਦਰਸ਼ਿਤ ਕਰਨ ਵਾਸਤੇ ਸਮੇਂ, ਸਥਾਨ, ਨਾਚਾਰਾਂ ਦੀ ਗਿਣਤੀ ਦੀ ਵੀ ਕੋਈ ਪਾਬੰਦੀ ਨਹੀਂ ਹੁੰਦੀ ਹੈ ਅਤੇ ਇਸ ਨਾਲ ਸੰਬੰਧਿਤ ਸਾਜ-ਸੰਗੀਤ ਅਤੇ ਪਹਿਰਾਵਾ ਆਦਿ ਵੀ ਜਨ-ਸਾਧਾਰਨ ਦੀ ਪੱਧਰ ਅਤੇ ਆਰਥਿਕ ਪਹੁੰਚ ਮੁਤਾਬਕ ਹੀ ਹੁੰਦਾ ਹੈ।

ਵਿਸ਼ਵ ਪੱਧਰ ਦੇ ਬਹੁਤ ਸਾਰੇ ਵਿਦਵਾਨਾਂ ਅਤੇ ਉਤਮ ਦਰਜੇ ਦੀਆਂ ਹਵਾਲਾ-ਪੁਸਤਕਾਂ ਦੁਆਰਾ ਸਾਨੂੰ 'ਲੋਕ-ਨਾਚਾਂ' ਦੇ ਵਰਗੀਕਰਨ ਦੀਆਂ ਵੱਖ-ਵੱਖ ਪੱਧਤੀਆਂ ਅਤੇ ਨਾਮਕਰਨ ਮਿਲਦੇ ਹਨ। ਜਿਨ੍ਹਾਂ ਵਿੱਚ ਰੁੱਤਾਂ ਤਿੱਥ-ਤਿਉਹਾਰਾਂ, ਰੀਤਾਂ-ਰਸਮਾਂ, ਮੇਲਿਆਂ-ਮੁਸਾਹਵਿਆਂ, ਧਾਰਮਿਕ ਅਤੇ ਸਮਾਜਿਕ ਮਣਤ-ਮਣੌਤਾਂ ਆਦਿ ਦਾ ਜ਼ਿਕਰ ਅਕਸਰ ਕੀਤਾ ਗਿਆ ਵੇਖਿਆ ਜਾ ਸਕਦਾ ਹੈ। ਪਰ ਡਾ. ਨੂਰ ਹੇਠਾਂ ਲਿਖੀ ਲੋਕ-ਨਾਚ ਵਰਗ ਵੰਡ ਨੂੰ ਵਧੇਰੇ ਸਾਰਥਿਕ ਅਤੇ ਵਿਗਿਆਨਕ ਮੰਨਦਾ ਹੈ। ਇਹ ਵਰਗ ਵੰਡ ਇਸ ਪ੍ਰਕਾਰ ਹੈ-

1. ਇਸਤਰੀ ਜਾਤੀ ਦੇ ਲੋਕ-ਨਾਚ, ਜੋ ਕੇਵਲ ਨਾਰੀ ਜਾਤੀ ਦੁਆਰਾ ਹੀ ਨੱਚੇ ਜਾਂਦੇ ਹਨ।

2. ਮਰਦਾਵੇਂ ਲੋਕ-ਨਾਚ, ਜੋ ਕੇਵਲ ਮਰਦ ਜਾਤੀ ਦੁਆਰਾ ਹੀ ਨੱਚੇ ਜਾਂਦੇ ਹਨ।

3. ਇਸਤਰੀਆਂ ਅਤੇ ਮਰਦਾਂ ਦੇ ਸਾਂਝੇ ਲੋਕ-ਨਾਚ (ਜੋ ਰਲ-ਮਿਲ ਕੇ, ਸਮੂਹਿਕ ਰੂਪ ਵਿੱਚ-ਜੋਟਿਆਂ ਦੇ ਰੂਪ ਵਿੱਚ ਨੱਚੇ ਜਾਣ ਵਾਲੇ ਲੋਕ ਨਾਚ)

ਇਸ ਉਪਰੰਤ ਲੋਕ-ਨਾਚ ਨੂੰ ਪ੍ਰਭਾਵਿਤ ਕਰਨ ਵਾਲੇ ਪ੍ਰਮੁੱਖ ਤੱਤਾਂ ਦਾ ਉਲੇਖ ਕਰਦੇ ਹੋਏ ਦਰਸਾਇਆ ਗਿਆ ਹੈ ਕਿ ਕਿਸੇ ਖਿੱਤੇ ਦੀਆਂ ਭੂਗੋਲਿਕ ਹੱਦ-ਬੰਦੀਆਂ, ਪਰਿਸਥਿਤੀਆਂ ਅਤੇ ਜਲਵਾਯੂ ਦੀਆਂ ਭਿੰਨਤਾਵਾਂ ਲੋਕ-ਨਾਚ ਦੇ ਸਰੂਪ ਅਥਵਾ ਪ੍ਰਕਿਰਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਮੈਦਾਨੀ, ਪਹਾੜੀ, ਦਲਦਲੀ ਅਤੇ ਚਿੱਕੜ ਵਾਲੀ ਧਰਤੀ ਸਰੀਰਕ ਮੁਦਰਾਵਾਂ ਤੇ ਪਰਭਾਵੀ ਹੁੰਦੀ ਹੈ। ਸਰੀਰਕ ਬਣਤਰ, ਸੁਡੋਲਤਾ, ਭਾਰਾਪਣ, ਪਤਲਾਪਣ, ਬੋਲੀ-ਭਾਸ਼ਾ, ਰਸਮਾਂ-ਰੀਤਾਂ, ਧਰਮ-ਅਨੁਸ਼ਠਾਨ ਅਤੇ ਕੰਮ-ਧੰਦੇ ਵਿਸ਼ੇਸ਼ ਪ੍ਰਭਾਵੀ ਰੂਪ 'ਚ ਲੋਕ-ਨਾਚ ਤੇ ਅਸਰ ਪਾਉਂਦੇ ਹਨ। ਇਸੇ ਤਰ੍ਹਾਂ ਸਮਾਂ-

ਸਥਾਨ, ਰਾਜਨੀਤਕ-ਵਰਤਾਰਾ, ਆਜ਼ਾਦੀ-ਗ਼ੁਲਾਮੀ, ਜੰਗਾਂ-ਯੁੱਧਾਂ ਅਤੇ ਹੋਰ ਨਾਜ਼ ਸਥਿਤੀਆਂ ਵੀ 'ਲੋਕ-ਨਾਚ ਨੂੰ ਪ੍ਰਭਾਵਿਤ ਕਰਦੀਆਂ ਹਨ। ਕਈ ਪ੍ਰਭਾਵ ਤਾਂ ਅਜਿਹੇ ਵੀ ਹੁੰਦੇ ਹਨ, ਜੋ ਕਿਸੇ ਨਾ ਕਿਸੇ ਨੂੰ ਖ਼ਤਮ ਵੀ ਕਰ ਦੇਂਦੇ ਹਨ।

'ਲੋਚ-ਨਾਚ ਦੀ ਸਿਧਾਂਤਕ ਪ੍ਰਕਿਰਤੀ-ਆਕ੍ਰਿਰਤੀ ਨੂੰ ਸਪੱਸ਼ਟ ਕਰਦਿਆਂ 'ਲੋਕ-ਨਾਚ' ਨਿੱਖੜਵੇਂ ਪਛਾਣ-ਚਿੰਨ੍ਹਾਂ ਉਪਰ ਰੌਸ਼ਨੀ ਵੀ ਪਾਈ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਲੋਕ-ਨਾਚ ਸਮੂਹਕ ਨਾਚ ਹੈ ਕਿਸੇ ਵਿਅਕਤੀ ਵਿਸ਼ੇਸ਼ ਦਾ ਨਹੀਂ। ਇਸ ਵਿੱਚ ਨਾਚਾਰਾਂ ਦੀ ਗਿਣਤੀ ਸਮੇਂ ਵੀ ਪਾਬੰਦੀ, ਸਥਾਨ ਦੀ ਵਿਸ਼ੇਸ਼ ਚੋਣ ਨਹੀਂ ਸਮੇਂ ਲੋਕ-ਮਾਨਸ ਦੀ ਅਭਿਵਿਅਕਤੀ ਹੋਣ ਸਦਕਾ, ਪਿੜ ਖਾਲੀ ਖੇਤ, ਖੁੱਲ੍ਹੇ ਵਿਹੜੇ, ਮੇਲੇ-ਮੁਸਾਵੇ, ਧਾਰਮਿਕ-ਸਮਾਜਿਕ ਸਾਂਝੀ ਥਾਂ 'ਤੇ ਸਮਰਥ-ਮੂਜਵ ਪਹਿਰਾਵੇ ਸਹਿਤ ਸਵੈ ਸਿਰਜੀਆਂ ਮੁਦਰਾਵਾਂ ਅਤੇ ਲੋਕ-ਬੋਲਾਂ ਸਾਜਾਂ ਨਾਲ ਪ੍ਰਸਤੁਤ ਕੀਤਾ ਜਾ ਸਕਦਾ ਹੈ।

**(ਬਾਕੀ ਅਗਲੇ ਅੰਕ ਵਿੱਚ)**

**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ**
**ਸਰਕਾਰੀ ਮਹਿੰਦਰਾ ਕਾਲਜ ਪਟਿਆਲਾ।**
**ਮੋ. 98789-64100**

◆◆◆

# ਕਾਵਿ ਸੰਸਾਰ

## ਗੱਲ ਤਾਂ ਨਿੱਕੀ ਜੇਹੀ ਸੀ,

**ਕੁਲਵੰਤ ਸਿੰਘ ਔਜਲਾ**



ਗਲ ਤਾਂ ਨਿੱਕੀ ਜੇਹੀ ਸੀ ਐਂਵੇਂ ਹੀ ਰੁੱਸ ਬੈਠੇ ਬੇਗਾਨਿਆਂ ਵਾਂਗੂ
ਚੰਗਾ ਸੀ ਜੀਰ ਲੈਂਦੇ ਗੰਗਾ ਦਰਵੇਸ਼ਾਂ ਤੇ ਦੀਵਾਨਿਆਂ ਵਾਂਗੂ
ਰਿਸ਼ਤੇ ਦਿਲ ਦੇ ਖ਼ਤਮ ਹੋਣ ਉਪਰੰਤ ਵੀ ਖ਼ਤਮ ਨਹੀਂ ਹੁੰਦੇ
ਇਹ ਮੌਤ ਪਿਛੋਂ ਵੀ ਭਟਕਦੇ ਨੇ ਥਾਂ-ਥਾਂ ਅਫ਼ਸਾਨਿਆਂ ਵਾਂਗੂ
ਰਸਮਨ ਰਿਆਜ ਵਰਗੇ ਹੋ ਗਏ ਦੁਨੀਆਂ ਦੇ ਸਭ ਰਿਸ਼ਤੇ
ਕੌਣ ਲਾਡ ਲਡਾਉਂਦਾ ਅੱਜ ਕੱਲ੍ਹ ਨਾਨੀਆਂ ਤੇ ਨਾਨਿਆਂ ਵਾਂਗੂ
ਬਹੁਤੇ ਲੋਕ ਮਰਦੇ ਨੇ ਜੀਰ ਜੀਰ ਕੇ ਦਰਿਆ ਦੁੱਖਾਂ ਦੇ



ਵਿਰਲੇ ਹੁੰਦੇ ਜੋ ਮਰਦੇ ਨੇ ਸ਼ਮਾਂ ਉਤੇ ਪਰਵਾਨਿਆਂ ਵਾਂਗੂ
ਮਰਨ ਪਿੱਛੋਂ ਵੀ ਉਹਨਾਂ ਦੀਆਂ ਪਾਉਂਦੇ ਨੇ ਲੋਕ ਬਾਤਾਂ
ਪਾ ਜਾਂਦੇ ਨੇ ਜੋ ਪੈੜਾਂ ਦਾਨਿਸ਼ਵਰਾਂ ਤੇ ਦਾਨਿਆਂ ਵਾਂਗੂ
ਕੈਸਾ ਕਲਯੁਗ ਜ਼ਮਾਨਾ ਤੇ ਕੈਸੇ ਕੈਸੇ ਅੰਦਾਜ਼ ਇਸਦੇ
ਰਹਿੰਦੇ ਨੇ ਘਰਾਂ ਵਿੱਚ ਲੋਕ ਤਿਹਾੜ ਦੇ ਤਹਿਖ਼ਾਨਿਆਂ ਵਾਂਗੂ
ਇਹਦੀ ਨਾੜ ਨਾੜ ਵਿੱਚ ਲਹੂ, ਇਹਦੇ ਬੰਦ ਬੰਦ ਵਿੱਚ ਜ਼ਜ਼ਬੇ
ਆਲੋਚਕਾਂ ਪਰਖ ਦਾ ਗ਼ਜ਼ਲ ਆਸਾਡੀ ਕਸਬੀ ਪੈਮਾਨਿਆਂ ਵਾਂਗੂ
ਰਹੀ ਚਾਹਤ ਸਦਾ ਕਿ ਦਰਦ ਦੀ ਹੂਕ ਤੇ ਹੇਕ ਬਣਕੇ
ਘੁਲ ਜਾਂਦੇ ਹਵਾਵਾਂ ਵਿੱਚ ਧੜਕਦੇ ਤਰਾਨਿਆਂ ਵਾਂਗੂ
ਤਾਕਤ ਤੇ ਤਾਨਾਸ਼ਾਹੀ ਤੇਰੀ ਮੇਟ ਨਹੀਂ ਸਕਦੀ ਸ਼ਨਾਖਤ ਸਾਡੀ
ਅਸੀਂ ਮੁੜ ਮੁੜ ਜੰਮਦੇ ਹਾਂ ਫਸਲਾਂ ਤੇ ਫਲਸਫ਼ਾਨਿਆਂ ਵਾਂਗੂ
ਚਲੋ ਉਹਨਾਂ ਅਣਹੋਇਆਂ ਨੂੰ ਅੱਖਰਾਂ ਵਿੱਚ ਸਾਂਭ ਲਈਏ
ਰਹੇ ਜੂਝਦੇ ਤਾਉਮਰ ਜਿਹੜੇ ਭੰਤਿਆਂ ਤੇ ਭਾਨਿਆਂ ਵਾਂਗੂ
ਸਫ਼ਰ ਹਯਾਤੀ ਦਾ ਏਨਾ ਬਾਜਾਰੂ ਹੋਣਾ ਨਹੀਂ ਸੀ ਕੁਲਵੰਤ
ਤੁਰਦੇ ਜੇ ਨਾਲ ਨਾਨਕ ਦੇ ਆਪਾਂ ਮਰਦਾਨਿਆਂ ਵਾਂਗੂ

**ਅੱਖਰ ਮੰਚ ਕਪੂਰਥਲਾ**
**97, ਮਾਡਲ ਟਾਊਨ, ਕਪੂਰਥਲਾ।**
**ਮੋ. 84377-88856**

◆◆◆

## ਕਿਹੜੇ ਵੇਲੇ

**ਸੁਖਦੇਵ ਸਿੰਘ ਸਿੱਧੂ**

ਕਿਹੜੇ ਵੇਲੇ ਚੈਨ ਚੁਰਾਈ, ਧਨ ਚੁਰਾਇਆ ਮੇਰਾ,
ਬੁਰਕੇ ਲੀਰਾਂ ਪੈਰੋਂ ਨੰਗੇ, ਡਾਢਾ ਕਹਿਰ ਹਨੇਰਾ।
ਹਾਲ ਦੁਹਾਈ ਛੱਤਾਂ ਚੁੱਕੀਆਂ ਦੇ ਕੇ ਝੂਠੇ ਲਾਰੇ,
ਭਰੇ ਇਕੱਠ ਨੇ ਪਕੜ ਦਿਖਾਇਆ ਲਾਹ ਮਖੌਟਾ ਤੇਰਾ।
ਦਾਣੇ ਦਾਣੇ ਦਾ ਜੋ ਦਾਤਾ, ਠੂਠਾ ਹੱਥ ਵਿੱਚ ਫੜਿਆ,
ਜੋਕਾਂ ਚੋਰਾਂ ਲਈ ਜੋੜਿਆ, ਤੂੰ ਧਾਂਕਾ ਲਾ ਕੇ ਅੰਨ ਬਥੇਰਾ।
ਟੁੱਟੀਆਂ ਮੰਜੀਆਂ ਦੋ ਤਿੰਨ ਭਾਂਡੇ, ਝੁੱਗੀਆਂ ਝਾਤੀ  ਮਾਰੀ ਨਾ,
ਪੀਰ ਪੈਗੰਬਰ ਕਿਸ ਲਈ ਆਖਾਂ, ਨਾ ਤੂੰ ਵੱਡ ਵਡੇਰਾ।
ਟੀਮਾਂ ਜਿਹੜੀਆਂ ਆਵਣ ਨਗਰੀ, ਹੜ੍ਹ ਦਾ ਲੇਖਾ ਲਾਵਣ,

ਰਾਹਤਾਂ ਵੰਡਣ ਦੀ ਥਾਂ ਛਕ ਜਾਏ ਤੇਰਾ।
ਉਜੜੀ ਰੁੱਤੇ ਸਿਰ ਲੈ ਘੁੰਮੀਏ ਸੁੰਨੀ ਧਰਤੀ ਉੱਤੇ,
ਅਫ਼ੀਮ ਦੀ ਮਸਤੀ ਮੌਜਾਂ ਮਾਣੇ ਜੋ ਤੇਰਾ ਹੈ ਡੇਰਾ।
ਸਿੱਖੇ ਜਦੋਂ ਮੈਂ ਇੱਕ-ਇੱਕ ਅੱਖਰ, ਪੜ੍ਹ ਗਿਆ ਕਈ ਕਿਤਾਬਾਂ,
ਇਹ ਮੈਥੋਂ ਕਿਉਂ ਦੂਰ ਨਾ ਹੋਇਆ, ਚੁਫੇਰੇ ਕੂੜ ਹਨੇਰਾ।


**ਪਿੰਡ ਤੇ ਡਾ. ਸਿੱਧਵਾਂ ਦੋਨਾ**
(**ਕਪੂਰਥਲਾ**)-144625
ਮੋ. 98886-33481


◆◆◆

## ਮੈਂ ਦਾ ਸਫ਼ਰ


**ਸੁਰਿੰਦਰ ਮਕਸੂਦਪੁਰੀ**


ਆਖ਼ਰ ਉਹ ਇਕ ਨਦੀ ਸੀ
ਥੋੜ੍ਹੇ ਜਲ ਦੀ ਮਛਲੀ ਜੇਹੀ
ਤੇ ਇਹ.....
ਵਸੀਹ, ਵਿਸ਼ਲਾ, ਭਰਿਆ-ਭਰੁੱਚਾ
ਅਥਾਹ, ਅਨੰਤ ਸਮੁੰਦਰ !
ਜਦੋਂ ਨਦੀ ਦੀ ਹੋਂਦ ਨੇ
ਠਾਠਾਂ ਮਾਰਦੇ ਸਮੁੰਦਰ 'ਚ
ਸਮੋਅ ਜਾਣਾ ਚਾਹਿਆ
ਵਹਿੰਦੀ ਰਹੀ ਬੇਰੋਕ
ਨਾਗ਼-ਵਲ਼ ਖਾਂਦੀ
ਮਚਲਦੀ ਰਹੀ
ਆਪਣੀ ਹੀ ਹਉਮੈਂ ਦੇ ਅੰਦਰ
ਆਪਣੇ ਹੀ ਹੱਦਾਂ-ਬੰਨਿਆਂ
ਸੀਮਤ ਦਾਇਰਿਆਂ 'ਚ ਹੋ ਕੇ ਕੈਦ
ਖ਼ੋਰ ਬੈਠੀ ਉਛਲ-ਉਛਲ
ਆਪਣੇ ਖ਼ੁਦ ਦੇ ਕੰਢੇ-ਕਿਨਾਰੇ
ਤੇ ਹੋ ਗਈ ਭਸਮ
ਆਪਣੀ ਹੀ ਮੈਂ ਦੀ ਅੱਗ ਵਿੱਚ
ਆਖ਼ਰ ਉਹ ਇਕ ਨਦੀ ਸੀ



ਥੋੜ੍ਹੇ ਜਲ ਦੀ ਮਛਲੀ ਜੇਹੀ
ਤੇ ਇਹ....
ਵਸੀਹ, ਵਿਸ਼ਾਲ, ਭਰਿਆ-ਭਰੁੱਚਾ
ਅਥਾਹ, ਅਨੰਤ ਸਮੁੰਦਰ !


234, **ਸੁਦਰਸ਼ਨ ਪਾਰਕ**
**ਮਕਸੂਦਾਂ, ਜਲੰਧਰ**-144021
ਮੋ. 99887-10234


◆◆◆

## ਵਾਪਸੀ


**ਸੰਧੂ ਵਰਿਆਣਵੀ**


ਹੁਣ ਘਰਾਂ ਨੂੰ ਪਰਤ ਆਉਣਾ
"ਮਰ ਜਾਓ ਚਿੜੀਓ, ਜੀ ਪਓ ਚਿੜੀਓ"
ਜਿੰਨਾ ਆਸਾਨ ਨਹੀਂ ਹੈ ਮੇਰੇ ਦੋਸਤੋ।
ਇਹ ਕਹਿਣਾ
ਤਾਂ ਸ਼ਾਇਦ ਅਸਮਾਨ 'ਤੇ ਥੁੱਕਣਾ ਹੋਵੇਗਾ
ਜਾਂ ਫਿਰ ਆਪਣੇ ਥੁੱਕ ਨੂੰ ਚੱਟਣ ਦਾ ਅਮਲ
ਜਾਂ ਫਿਰ ਹੋ ਸਕਦੈ
ਖ਼ੂਨ ਦੀ ਮੁਸ਼ਕ ਨਾਲ ਭਰੀ ਖੋਪੜੀ ਵਾਲੇ
ਕਿਸੇ ਬਦ-ਹਵਾਸ ਸ਼ਰਾਬੀ ਅਫ਼ਸਰ ਦਾ
ਮਹਿਜ਼ ਇਕ ਫ਼ਿਕਰਾ
ਜਾਂ ਫਿਰ ਤਾਕਤ ਦੇ ਨਸ਼ੇ 'ਚ ਪੁੱਤ ਹੁਕਮਰਾਨ ਦਾ
ਵਿਸਕੀ ਦਾ ਘੁੱਟ ਭਰਦਿਆਂ
ਕਿਸੇ ਅੱਲ੍ਹੜ ਨਾਲ ਸ਼ਰੇ-ਏ-ਆਮ ਕੀਤਾ ਭੱਦਾ ਮਜ਼ਾਕ।
ਮੇਰੇ ਦੋਸਤੋ !
ਹੁਣ ਅਸੀਂ ਘਰਾਂ ਨੂੰ ਪਰਤੀਏ
ਜਿਨ੍ਹਾਂ ਘਰਾਂ 'ਚੋਂ ਅਸੀਂ ਕਦੇ
ਹਨ੍ਹੇਰਿਆਂ ਸੰਗ ਲੜਨ ਲਈ
ਚਿਰਾਗ਼ਾਂ ਦੀ ਭਾਲ 'ਚ ਨਿਕਲੇ ਸਾਂ
ਤੇ ਅੱਜ ਉਨ੍ਹਾਂ ਘਰਾਂ ਦੇ ਚਿਰਾਗ ਹੀ
ਬੁਝ ਗਏ ਨੇ ਜਨੂੰਨੀਅਤ ਤੇ ਕੱਟੜਤਾ ਦੀ ਹਠ-ਧਰਮੀ ਸੰਗ

ਤੇ ਚਿਰਾਗਾਂ ਦੀ ਥਾਵੇਂ
ਘਰ ਬਦਲ ਗਏ ਨੇ ਸ਼ਮਸ਼ਾਨ ਘਾਟਾਂ 'ਚ
ਹੁਣ ਤਾਂ ਅਸੀਂ ਬੰਦ ਗਲੀ 'ਚ ਦੜੇ,
ਆਪਣੇ ਹੀ ਘਰਾਂ ਦੀ ਤਲਾਸ਼ 'ਚ ਭਟਕਦੇ
ਆਪਣੇ ਘਰ 'ਚ ਹੀ ਜਲਾਵਤਨ ਹਾਂ ਮੇਰੇ ਦੋਸਤੋ !
ਹੁਣ ਘਰਾਂ ਨੂੰ ਪਰਤਣਾ ਆਸਾਨ ਨਹੀਂ ਹੈ ਮੇਰੇ ਦੋਸਤੋ !

ਮੋ. 99159-76210

◆◆◆

## ਜੇ ਤੂੰ ਮੇਰੇ ਹਿਰਦੇ 'ਚ ਵੱਸਦਾ ਏ

**ਲਖਵਿੰਦਰ ਸਿੰਘ ਘੁੰਮਣ**

ਜੇ ਤੂੰ ਮੇਰੇ ਹਿਰਦੇ 'ਚ ਵੱਸਦਾ ਏਂ,
ਤਾਂ ਫਿਰ ਮੇਰਾ ਹਿਰਦਾ ਧੁੱਖਦਾ ਕਿਉਂ ਏਂ।
ਕੀ ਇਹ ਤੇਰੇ ਨੂਰ ਦਾ ਨਿੱਘ ਏ ਜਾਂ ਕੁਝ ਹੋਰ।
ਸੁਣਿਐ, ਜਿਸ ਘਰ 'ਚ ਰਹੀਏ ਉਸ ਨਾਲ ਇਕ ਮੋਹ ਬੱਝ ਜਾਂਦਾ ਏਂ
ਤਾਂ ਫਿਰ ਮੈਨੂੰ ਇੱਦਾਂ ਕਿਉਂ ਲਗਦਾ ਏ ਕਿ ਤੂੰ ਅਜੇ ਵੀ ਮੈਥੋਂ ਕੋਸਾਂ ਦੂਰ ਏਂ,
ਕੀ ਇਹਨੂੰ ਇੱਕ ਭੁੱਲੇਖਾ ਸਮਝਾਂ?
ਜਾਂ ਮੇਰੇ ਦਿਲ ਦਾ ਤੇਰੇ ਪ੍ਰਤੀ ਪਿਆਰ ਜੋ ਤੈਨੂੰ ਪਾ ਕੇ ਵੀ ਬਿਰਹਾ 'ਚ ਤੜਫਦਾ ਏ ਦਿਨ ਰਾਤ
ਤੂੰ ਮੇਰੇ ਹਿਰਦੇ 'ਚ ਛੁਪ ਕੇ ਨਹੀਂ ਬੈਠ ਸਕਦਾ,
ਕਿਉਂਕਿ ਤੂੰ ਇਕ ਵਿਸ਼ਾਲ ਬ੍ਰਹਿਮੰਡ ਦਾ ਮਾਲਕ ਏਂ,
ਕੋਈ ਮਨੁੱਖ ਵਾਂਗ ਫਰੇਬੀ ਮਿੱਟੀ ਦੀ ਤਸਵੀਰ ਨਹੀਂ।
ਮੈਂ ਤੈਨੂੰ ਆਪਣੇ ਹਿਰਦੇ 'ਚ ਵਸਦੇ ਦੇਖ,
ਹਿਰਦੇ ਨੂੰ ਆਪਣੇ ਹੀ ਖ਼ੂਨ ਨਾਲ ਧੋਣ ਦਾ ਯਤਨ ਕਰਦੀ ਆਂ,
ਪਰ ਮੈਨੂੰ ਆਪਣੇ ਖ਼ੂਨ 'ਚ ਝੂਠ ਫਰੇਬ ਤੇ ਕਪਟ ਹੀ ਨਹੀਂ ਨਜ਼ਰ ਆਉਂਦਾ ਏ,
ਤੇ ਫਿਰ ਮੈਨੂੰ ਤੇਰੇ ਇਕ ਵਿਸ਼ਾਲ ਹੋਣ ਦਾ ਪਤਾ ਚਲਦਾ ਏ,
ਕਿ ਤੂੰ ਕਿੰਨਾਂ ਸੱਚਾ-ਸੁੱਚਾ ਤੇ ਵਿਸ਼ਾਲ,
ਜੇ ਮੇਰੇ ਹਿਰਦੇ 'ਚ ਵੱਸਦਾ ਏਂ।
ਪਰ ਜੇ ਤੂੰ ਮੇਰੇ ਹਿਰਦੇ 'ਚ ਵੱਸਦਾ ਏਂ
ਤਾਂ ਫਿਰ ਮੇਰਾ ਹਿਰਦਾ ਧੁੱਖਦਾ ਕਿਉਂ ਏ?
ਮੋ. 98153-49026



# .ਗ਼ਜ਼ਲ ਸੱਥ

## ਗੁਰੂ ਨਾਨਕ ਦੇ ਨਾਂ

**ਜਸਵੰਤ ਸਿੰਘ ਕੈਲਵੀ**



ਦੁਨੀਆਂ 'ਚ ਨੂਰ ਵੰਡਿਆ ਤ੍ਰਿਪਤਾ ਦੇ ਲਾਲ ਨਾਨਕ !
ਕੀਤਾ ਕਮਾਲ ਤੂੰ ਏਂ ਕੀਤਾ ਕਮਾਲ ਨਾਨਕ !

ਦਿੱਤਾ ਹਲੂਣ ਪੰਡਿਤਾਂ ਮੁੱਲਾਂ ਮੁਲਾਣਿਆਂ ਨੂੰ !
ਕੱਟੇ ਤੇ ਤੋੜ ਦਿੱਤੇ ਵਹਿਮਾਂ ਦੇ ਜਾਲ, ਨਾਨਕ !

ਭਾਗੋ ਦੇ ਪੂੜਿਆਂ 'ਚੋਂ ਚੋਂਦਾ ਲਹੂ ਵਖਾਇਆ !
ਬਾਬਰ ਦੇ ਜ਼ੁਲਮ ਉਤੇ ਚੁੱਕੇ ਸਵਾਲ ਨਾਨਕ !

ਮਾਇਆ ਦੇ ਲੋਭ ਅੰਦਰ, ਸਾਰਾ ਜਹਾਨ ਫਸਿਆ
ਹਉਮੈਂ ਦਾ ਨਾਚ ਹੁੰਦਾ ਪੈਂਦੀ ਧਮਾਲ ਨਾਨਕ

ਵਹਿਮਾਂ 'ਚ ਚੂਰ ਦੁਨੀਆਂ ਸੱਚ ਤੋਂ ਹੈ ਦੂਰ ਦੁਨੀਆ
ਨ.ਫ਼ਰਤ ਤਾਂ ਦੇਸ਼ ਅੰਦਰ ਆਇਆ ਭੁਚਾਲ, ਨਾਨਕ !

ਤੇਰੇ ਬ.ਗੈਰ ਲੈਣੀ ਲਾਲੋ ਦੀ ਸਾਰ ਕਿਸਨੇ?
ਕਿਰਤੀ ਕਿਸਾਨ ਰੁਲਦੇ !'ਲੁੱਟਦੇ ਦਲਾਲ, ਨਾਨਕ !

ਕੀਰਤ ਤੇ ਕਿਰਤ ਉੱਤੇ ਟਿਕਦੀ ਜੁ ਜ਼ਿੰਦਗੀ ਹੈ
ਦਿਲਦਾ ਹੈ ਉਸ ਤਾਈਂ ਤੇਰਾ ਜਮਾਲ, ਨਾਨਕ !

ਅਜ਼ਮਤ ਤਿਰੀ ਦਾ ਖੁਸ਼ਬੂ ਬੰਨਾ ਇਹ ਕਿਸ ਤਰ੍ਹਾਂ ਮੈਂ?
ਮੇਰੀ ਤੇ ਅਕਲ ਦਾ ਹੈ- ਪਾਟਾ ਰੁਮਾਲ, ਨਾਨਕ !

ਬਾਣੀ ਦੀ ਦਾਤ ਵਿਚੋਂ ਕਿਣਕਾ ਤੂੰ ਬਖਸ਼ ਮੈਨੂੰ !
ਸੂਝ ਕੈਲਵੀ ਨੂੰ, ਰਸਤਾ ਵਖਾਲ, ਨਾਨਕ !

**ਪੀ.ਈ.ਐਸ., ਜ਼ਿਲ੍ਹਾ ਸਿੱਖਿਆ ਦ.ਫ਼ਤਰ ਅ.ਫ਼ਸਰ** (ਰਿਟਾ.)
**ਅੰਮ੍ਰਿਤਸਰ**

## ਪ੍ਰਤਾਪ ''ਪਾਰਸ'' ਗੁਰਦਾਸਪੁਰੀ,



ਬੁਜ਼ਦਿਲ ਆਪਣੇ ਸਾਲ ਤਾਂ ਪੂਰੇ ਕਰ ਜਾਂਦੈ।
ਬੰਦਾ ਤੇ ਕਿਰਦਾਰ ਮਰੇ ਤੋਂ ਮਰ ਜਾਂਦੈ।

ਆਦਤ ਜਿਸ ਨੂੰ ਮਖ਼ਮਲ ਉਤੇ ਚੱਲਣ ਦੀ,
ਕੰਡਿਆਂ ਦਾ ਉਹ ਨਾਂ ਸੁਣ ਕੇ ਹੀ ਡਰ ਜਾਂਦੈ।

ਛੱਡੇ ਬੰਦਾ ਮਗਰ ਵਸੀਅਤ ਸੋਚਾਂ ਦੀ,
ਅਕਲ ਵਿਹੂਣਾ ਛੱਡ ਕੇ ਪਿੱਛੇ ਘਰ ਜਾਂਦੈ।

ਹਿੰਮਤ ਰੱਖਦੈ ਬੰਦਾ ਹੀ ਸਿਰ ਚੁੱਕਣ ਦੀ,
ਝੁੱਡੂਆਂ ਦਾ ਤੇ ਨੀਵੀਂ ਪਾ ਵੀ ਸਰ ਜਾਂਦੈ।

ਓਸ ਰੱਬ ਨੂੰ ਰੱਬ ਹੀ ਮੰਨਣਾ ਬਣਦਾ ਨਹੀਂ,
ਹਰ ਵਾਰੀ ਜੋ ਭਰਿਆਂ ਨੂੰ ਹੀ ਭਰ ਜਾਂਦੈ।

ਮੈਂ ਕਿੰਜ ਮੰਨਾ ਰਹਿਮਤ ਇਸ ਨੂੰ ਮੌਲਾ ਦੀ,
ਜੇਕਰ ਬੱਦਲ ਸਾਗਰ 'ਤੇ ਹੀ ਵਰ੍ਹ ਜਾਂਦੈ।

ਹੋ ਨਾ ਸਕਦਾ ਵੈਰੀ ਰਹਿਬਰ ਚਾਨਣ ਦਾ,
ਰਹਿਬਰ ਉਹ ਜੋ ਨ੍ਹੇਰ 'ਚ ਦੀਵਾ ਧਰ ਜਾਂਦੈ।

ਗੱਲ ਲਿਖਾਂ ਮੈਂ ''ਪਾਰਸ'' ਵਰਗੀ ਹੋਵੇ ਜੋ,
ਵਰਕੇ ਤਾਂ ''ਪ੍ਰਤਾਪ'' ਵੀ ਕਿੰਨੇ ਭਰ ਜਾਂਦੈ।

787/10 ਪ੍ਰੇਮ ਨਗਰ, ਹਰਦੋਛੰਨੀ ਰੋਡ ਗੁਰਦਾਸਪੁਰ।
ਫੋਨ 9988811681

◆◆◆

## ਸੁਰਜੀਤ 'ਦੇਵਲ'



ਆ ਚੀਰ ਹਨੇਰਾ ਸੁੱਟੀਏ, ਨਾ ਆਰਾਮ ਕਰੀਏ।
ਮੁੜ੍ਹਕੇ ਨੂੰ ਲੁੱਟਣ ਜਿਸ ਰਾਹੋਂ ਆਵੋ ਜਾਮ ਕਰੀਏ।

ਜਿੱਥੇ ਕਿਰਤੀ ਡੋਲ੍ਹੇ ਮੁੜ੍ਹਕਾ ਉਥੇ ਖਿੜਨ ਬਹਾਰਾਂ,
ਇਹ ਸਭ ਖੁਸ਼ੀਆਂ ਖੇੜੇ ਕਿਰਤੀ ਦੇ ਨਾਮ ਕਰੀਏ।



ਫਾਹਾ ਲੈਣ ਕਦੇ ਨਾ ਢਾਰੇ ਕੁੱਲੀਆਂ ਦੇ ਵਾਸੀ,
ਸ਼ਰਮ ਕਦੇ ਨਾ ਕਰਦੇ ਆਖਣ ਕਿਰਤ ਤਮਾਮ ਕਰੀਏ।

ਵੰਡਣ ਜਿਹੜੇ ਧਰਮ ਅਸਾਨੂੰ ਪੂਜੀਏ ਫਿਰ ਕਿਉਂ ਉਹ
ਮਜ਼ਦੂਰਾਂ ਦੀ ਉਸਤਤ ਔ ਸਵੇਰੇ ਸ਼ਾਮ ਕਰੀਏ।

ਸੋਨ ਚਿੜੀ ਨੂੰ ਗਿਰਝਾਂ ਨੋਚਣ ਰਾਤ ਦਿਨੇ ਜਦ ਵੇਖੋ,
ਖੋਹ ਚਿੜੀ ਗਿਰਝਾਂ ਦੇ ਮਨਸੂਬੇ ਨਾਕਾਮ ਕਰੀਏ।

ਜ਼ੁਲਮ ਨਜਾਇਜ਼ ਵੇਖ ਕਿਸੇ ਤੇ ਹੁੰਦਾ ਚੁੱਪ ਨਾ ਧਾਰੋ,
ਠੋਕ ਵਜਾ ਸੱਚੇ ਦੀ ਇਮਦਾਦ ਸ਼ਰੇਆਮ ਕਰੀਏ।

ਲੋਕ ਹਿੱਤਾਂ ਦੀ ਖਾਤਿਰ ਲੜਦੇ ਜੋ ਦਿੰਦੇ ਕੁਰਬਾਨੀ,
'ਦੇਵਲ' ਉਹ ਰੂਹਾਂ ਨੂੰ ਰਲ ਕੇ ਆ ਪਰਣਾਮ ਕਰੀਏ।

ਮੋ. 92563-67202

◆◆◆

## ਭੁਪਿੰਦਰ ਸੰਧੂ

ਨ੍ਹੇਰੇ ਨਾਲ ਸਦਾ ਲੜਦੇ ਹਾਂ।
ਘਰ-ਘਰ ਵਿੱਚ ਚਾਨਣ ਕਰਦੇ ਹਾਂ।

ਦੀਪਕ ਨਾਲ ਹੈ ਸਾਡੀ ਯਾਰੀ,
ਫਿਰ ਨ੍ਹੇਰੇ ਤੋਂ ਕਦ ਡਰਦੇ ਹਾਂ।

ਇਸ਼ਕ ਲਈ ਦਿਲ ਐਨਾ ਰੱਖੀਏ,
ਹੱਸ-ਹੱਸ ਕੇ ਸੂਲੀ ਚੜ੍ਹਦੇ ਹਾਂ।

ਤੱਤੀ ਵਾਅ ਨਾ ਲੱਗਣ ਦੇਈਏ,
ਜਿਸ ਦੀ ਯਾਰੋ ! ਬਾਂਹ ਫੜ੍ਹਦੇ ਹਾਂ।

ਸਿਰ ਦੇਣਾ ਮਨਜ਼ੂਰ ਹੈ ਸਾਨੂੰ,
ਰਣ ਤੱਤੇ 'ਚੋਂ ਕਦ ਭੱਜਦੇ ਹਾਂ।

ਜ਼ਾਲਿਮ ਨੂੰ ਸਜਦਾ ਨਈ ਕਰਦੇ,

ਆਸ਼ਿਕ ਨੂੰ ਸਜਦਾ ਕਰਦੇ ਹਾਂ।

ਸੱਚ ਖ਼ਾਤਿਰ ਮਰਨਾ ਹੈ 'ਸੰਧੂ'!
ਸੱਚ ਦੇ ਰਾਹ ਤੇ ਹੀ ਚਲਦੇ ਹਾਂ।

**26118, ਗਲੀ ਨੰਬਰ ਵਾਈ**
**ਅਮਰਪੁਰਾ ਬਸਤੀ, ਬਠਿੰਡਾ-151001**
**ਮੋ. 96461-08157**

◆◆◆

### ਸੁਖਵਿੰਦਰ ਸਿੰਘ ਲੋਟੇ

ਸਮੇਂ ਸਿਰ ਨਾ ਕਰੋ ਧੰਦਾ ਤਾਂ ਪੈਸਾ ਰੁੱਸ ਜਾਂਦਾ ਹੈ।
ਜੇ ਗਾਹਕ ਟਾਲ? ਕੇ ਵੇਖੋ ਉਹ ਬੰਦਾ ਰੁੱਸ ਜਾਂਦਾ ਹੈ।

ਬਿਨਾਂ ਨ੍ਹਾਤੇ ਸਦੇਹਾਂ ਜੇ ਜ਼ਰੂਰੀ ਕੰਮ ਤੇ ਜਾਵਾਂ,
ਜਦੋਂ ਮੁੜ ਕੇ ਘਰੇ ਆਵਾਂ ਤਾਂ ਸ਼ੀਸ਼ਾ ਰੁੱਸ ਜਾਂਦਾ ਹੈ।

ਪਕੌੜੇ ਖਾ ਲਵਾਂ ਗੋਭੀ ਦੇ ਚਾਹ ਦੀ ਘੁੱਟ ਭਰ-ਭਰ ਕੇ,
ਪਿਆ ਜਦ ਰਹਿ ਜਵੇ ਕੱਲਾ ਸਮੋਸਾ ਰੁੱਸ ਜਾਂਦਾ ਹੈ।

ਬੜੀ ਹੀ ਆਸ ਬੱਚੇ ਨੂੰ ਬੁੜ੍ਹੇ ਦਾਦੇ ਤੋਂ ਹੁੰਦੀ ਐ,
ਦਿਖਾਵੇ ਜੇਬ ਜਦ ਖਾਲੀ ਤਾਂ ਬੱਚਾ ਰੁੱਸ ਜਾਂਦਾ ਹੈ।

ਬੜੀ ਔਖੀ ਜਿਹੀ ਆਦਤ ਖ਼ੁਦੀ ਮੈਂ ਪਾ ਲਈ 'ਲੋਟੇ',
ਦਵਾਂ ਨਾ ਚੂਰ ਕੇ ਚੂਰੀ ਤਾਂ ਤੋਤਾ ਰੁੱਸ ਜਾਂਦਾ ਹੈ।

**94177-73277**



# ਗੀਤਾਂ ਦੀ ਗੂੰਜ

### ਸਰਦਾਰ ਪੰਛੀ

ਮੇਰੇ ਗੁੱਡੀਆਂ ਪਟੋਲੇ, ਰੱਖ ਤਾਤਾਂ ਦੇ ਓਹਲੇ,
ਹੁਣ ਮੇਰੇ ਹੱਥ ਬਸਤਾ ਫੜਾ, ਨੀ ਮਾਏਂ ਮੈਨੂੰ ਪੜ੍ਹਨੇ ਦਾ ਚਾਅ।
ਇਕ ਦੀਵਾ ਬਾਲਿਆ ਈ ਘਰ ਦੀ ਕੰਧੋਲ ਉਤੇ,
ਇਕ ਮੇਰੇ ਮੱਥੇ 'ਚ ਜਗਾ, ਨੀਂ ਮਾਏ ਮੈਨੂੰ ਪੜ੍ਹਨੇ ਦਾ ਚਾਅ।
ਜਾਂਦੀਆਂ ਸਕੂਲ ਦੇਖਾਂ ਜਦੋਂ ਮੇਰੇ ਹਾਣ ਦੀਆਂ,
ਦਿਲ ਮੇਰਾ ਜਾਵੇ ਮੁਰਝਾ, ਨੀਂ ਮਾਏਂ ਮੈਨੂੰ ਪੜ੍ਹਨੇ ਦਾ ਚਾਅ।
ਬਾਪੂ ਤੇਰੀ ਗੱਲ ਕਦੇ ਮੋੜਦਾ ਨਹੀਂ ਅੰਮੀਏ ਨੀਂ,
ਬਾਬਲੇ ਨੂੰ ਤੂੰ ਹੀ ਸਮਝਾ, ਨੀਂ ਮਾਏਂ ਮੈਨੂੰ ਪੜ੍ਹਨੇ ਦਾ ਚਾਅ।
ਕਪੜੇ ਧੁਆ ਲੈ ਭਾਵੇਂ ਭਾਂਡੇ ਮੰਜਵਾ ਲੈ ਭਾਵੇਂ,
ਕੰਮ ਸਾਰੇ ਪਿੰਡ ਦਾ ਕਰਾ, ਨੀਂ ਮਾਏਂ ਮੈਨੂੰ ਪੜ੍ਹਨੇ ਦਾ ਚਾਅ।
ਬੜਾ ਪੁੰਨ ਹੋਊ ਤੇਰਾ ਮੇਰਾ ਵੀ ਸਕੂਲ ਵਿੱਚ,
ਅੰਮੀਏ ਤੂੰ ਨਾਮ ਦੇ ਲਿਖਾ, ਨੀਂ ਮਾਏ ਮੈਨੂੰ ਪੜ੍ਹਨੇ ਦਾ ਚਾਅ।
ਲੈ ਦੇ ਮੈਨੂੰ ਕਾਪੀਆਂ ਕਿਤਾਬਾਂ ਕਹਿ ਕੇ ਬਾਬਲੇ ਨੂੰ,
ਏਹੋ ਮੇਰਾ ਦਾਜ ਦੇ ਦੁਆ, ਨੀਂ ਮਾਏ ਮੈਨੂੰ ਪੜ੍ਹਨੇ ਦਾ ਚਾਅ

**ਜੇਠੀ ਨਗਰ ਮਾਲੇਰਕੋਟਲਾ, ਰੋਡ ਖੰਨਾ-141401, ਪੰਜਾਬ**
**94170-91668**

◆◆◆

### ਜਗਜੀਤ ਸਿੰਘ 'ਗੁਰਮ'

ਮਿਹਨਤ ਕਰ ਕਰ ਥੱਕੇ ਨਾ ਹੀ, ਉਮਰ ਲੰਘਾ ਤੀ ਸਾਰੀ।
ਆਸ ਦਾ ਬੂਟਾ ਜਿਉਂ ਦਾ ਤਿਉਂ, ਨਾ ਬੂਰ ਪਿਆ ਇੱਕ ਵਾਰੀ।



ਮਿਹਨਤ ਵਾਲੀ ਧਰਤੀ ਵਿੱਚੋਂ ਵੇਖੇ ਮੋਤੀ ਉੱਗਦੇ।
ਪਤਾ ਨਾ ਲੱਗੇ ਕਿਹੜੇ ਵੇਲੇ ਕਾਂ, ਸ਼ਿਕਰੇ ਆ ਚੁੱਗਦੇ।
ਥੱਕ ਹਾਰ ਕੇ ਬੈਠ ਨਾ ਹੋਵੇ, ਕਰੀਏ ਫੇਰ ਤਿਆਰੀ।
ਮਿਹਨਤ ਕਰ ਕਰ ਥੱਕੇ ਨਾ ਹੀ........।

ਬੰਜਰ ਵਿੱਚੋਂ ਮਹਿਕ ਖਿਡਾਉਂਣੀ ਆਈ ਸਾਡੇ ਹਿੱਸੇ।
ਦੁਨੀਆਂ ਦੇ ਵਿੱਚ ਜਿੱਥੇ ਹੋਈਏ ਉਥੇ ਸਾਡੇ ਕਿੱਸੇ।
ਫੇਰ ਕਿਉਂ ਢਿੱਡ ਨੇ ਭੁੱਖਣ ਭਾਣੇ, ਅਕਲ ਵੀ ਇੱਥੇ ਮਾਰੀ।
ਮਿਹਨਤ ਕਰ ਕਰ ਥੱਕੇ ਨਾ ਹੀ.................।

ਖ਼ੂਨ ਪਸੀਨਾ ਇੱਕ ਹੋ ਜਾਵੇ ਫੇਰ ਵੀ ਘੜੇ ਨਾ ਭਰਦੇ।
ਖ਼ਾਲੀ ਖ਼ਾਲੀ ਨਿਗਾ ਦੇ ਵਿੱਚੋਂ ਹਾੜ ਸਿਆਲ ਹਾਂ ਜਰਦੇ।
ਤਾਂ ਵੀ ਆਸ ਦੀ ਕੰਨੀ ਫੜਕੇ ਭਰੀਏ ਸੋਚ ਉਡਾਰੀ।
ਮਿਹਨਤ ਕਰ ਕਰ ਥੱਕੇ ਨਾ ਹੀ................।

ਵੰਡ ਵੰਡਾ ਕੇ ਮਿਹਨਤ ਸਾਡੀ ਲੋਟੂ ਟੋਲੇ ਖਾਂਦੇ।
ਜੋ ਵੀ ਸਾਡੇ ਹਿੱਸੇ ਆਏ ਉਹ ਖਾ ਖੁਸ਼ੀ ਮਨਾਂਦੇ।
ਫੇਰ ਵੀ ਰਲ ਮਿਲ ਸੋਚੀਏ 'ਗੁਰਮਾ' ਮਿਹਨਤ ਕਾਹਤੋਂ ਹਾਰੀ।

ਮਿਹਨਤ ਕਰ ਕਰ ਥੱਕੇ ਨਾ ਹੀ, ਉਮਰ ਲੰਘਾ ਤੀ ਸਾਰੀ।
ਆਸ ਦਾ ਬੂਟਾ ਜਿਉਂ ਦਾ ਤਿਉਂ, ਨਾ ਬੂਰ ਪਿਆ ਇੱਕ ਵਾਰੀ।

**ਮਕਾਨ ਨੰ: 1008/29/2, ਗਲੀ ਨੰ: 8**
**ਬਾਲ ਸਿੰਘ ਨਗਰ, ਬਸਤੀ ਜੋਧੇਵਾਲ, ਲੁਧਿਆਣਾ।**
**ਮੋ.-99147 01668**

◆◆◆

## ਭਾਈਆਂ ਵਿੱਚ ਦੁਸ਼ਮਣੀ

**ਸੁਰਜੀਤ ਦੇਵਲ**

ਦਿਲਾਂ ਵਿਚ ਖੋਟ ਜੇ ਕਿਸੇ ਦੇ ਰਵੇ ਨਾ।
ਭਾਈਆ ਵਿਚ ਦੁਸ਼ਮਣੀ ਕਦੇ ਪਵੇ ਨਾ।

ਭਾਈਆਂ ਦੀ ਕਦਰ ਨਾ ਜੇ ਭਾਈ ਜਾਣਦੇ।
ਠਾਣੇ ਤੇ ਕਚਹਿਰੀਆਂ ਦੀ ਖ਼ਾਕ ਛਾਣਦੇ।
ਲੋਕ ਲਾ ਮਸਾਲੇ ਰਹਿਣ ਗੱਲਾਂ ਕਰਦੇ।
ਸੱਥ ਵਿਚ ਰੋਲ ਕੇ ਇੱਜ਼ਤ ਧਰਦੇ।
ਚੁੱਲਿਆਂ ਤਾਂ ਵੱਖ ਜੋ ਚੜ੍ਹਨ ਤਵੇ ਨਾ



ਭਾਈਆਂ ਵਿੱਚ ਦੁਸ਼ਮਣੀ......।

ਹੁੰਦੇ ਨ ਕਤਲ ਗੱਭਰੂ ਸ਼ੁਕੀਨਾਂ ਦੇ।
ਰੰਨ ਧਨ ਨਾਲੇ ਖ਼ਾਤਿਰ ਜ਼ਮੀਨਾਂ ਦੇ।
ਜੇਹਲਾਂ 'ਚ ਉਮਰ ਭਰ ਕੈਦ ਕੱਟਦੇ।
ਦਿਲਾਂ ਵਿੱਚੋਂ ਖੋਰ ਨਾ ਕਦੇ ਵੀ ਛੱਟਦੇ।
ਬੰਦਾ ਕੋਈ ਸਿਆਣਾ ਖੜ੍ਹੇ ਉਨ੍ਹਾਂ ਲਵੇ ਨਾ
ਭਾਈਆਂ ਵਿਚ ਦੁਸ਼ਮਣੀ..........।

ਗ਼ੈਰਾਂ ਦਿਆਂ ਹੋੜਿਆਂ ਤੇ ਲੱਗ ਜਾਂਦੇ ਨੇ।
ਜਾਨੀ ਦੁਸ਼ਮਣ ਵੀਰਾਂ ਨੂੰ ਬਣਾਂਦੇ ਨੇ।
ਗ਼ੈਰਾਂ ਨਾਲ ਜੱਫ਼ੀਆਂ ਜਾ ਕੇ ਪਾਂਦੇ ਨੇ।
ਭਾਣਾ ਵਰਤੇ ਤਾਂ ਗ਼ੈਰ ਭੱਜ ਜਾਂਦੇ ਨੇ।
ਬਣਕੇ ਨਿਮਾਣਾ ਕੋਈ ਵੀ ਢਵੇ ਨਾ
ਭਾਈਆਂ ਵਿਚ ਦੁਸ਼ਮਣੀ.......।

**10 ਬੀ/490, ਸ਼ਿਵਪੁਰੀ, ਨੇੜੇ ਬਾਬਾ ਬਾਲਕ ਨਾਥ ਮੰਦਰ**
**ਧੂਰੀ**-148024 (**ਸੰਗਰੂਰ**), ਮੋ. 92563-67202

◆◆◆

*ਦੋਹੇ*

## ਜਸਵੰਤ ਸਿੰਘ ਕੈਲਵੀ

ਹੋ ਕੇ ਹਾਣੀ ਸਮੇਂ ਦਾ ਧਰ ਅੱਗੇ 'ਤੂੰ ਪੈਰ'
ਸੋਚ, ਸੁਨਹਿਰੀ ਸੋਚ ਤੂੰ-ਮੰਗ ਸਭਨਾਂ ਦੀ ਖ਼ੈਰ

ਧੂੰਆਂ ਧੱਕੇ ਮਾਰਦਾ ਰੋਵੇ ਵਿਲਕੇ ਪੌਣ
ਰੋ-ਰੋ ਪੁੱਛੇ ਕੈਲਵੀ ਮੇਰਾ ਦਰਦੀ ਕੌਣ?

ਘੁੱਪ ਹਨ੍ਹੇਰਾ ਕੈਲਵੀ ਵਿਛੇ ਜੇ ਕੰਡੇ ਖ਼ਾਰ।
ਬਚਕੇ ਕਿੱਦਾਂ ਲੰਘੀਏ? ਫਿਰਦੇ ਠੱਗ ਹਜ਼ਾਰ।

ਦਿੱਲੀ ਬੈਠ ਕਬਾੜੀਏ ਕੱਠਾ ਕਰਨ ਕਬਾੜ
ਮਤਲਬ ਦਾ ਕੁੱਝ ਛਾਂਟ ਕੇ ਬਾਕੀ ਦੇਂਦੇ ਸਾੜ।

ਨਸ਼ਿਆਂ ਵਿੱਚ ਗਲਤਾਨ ਜੋ, ਅੰਦਰੋਂ ਲੀਰੋ ਲੀਰ।
ਓਸ ਕੌਮ ਦੀ ਕੈਲਵੀ ਕਿੰਝ ਬਦਲੇ ਤਕਦੀਰ।

ਵਿਚਾਰਧਾਰਾ ਵੇਖ ਕੇ ਮਿਲਦੀ ਕੁਰਸੀ ਵੀਰ!
ਵੇਖ ਯੋਗਤਾ ਕੈਲਵੀ ਕਿਹੜਾ ਦੇਂਦੈ ਖੀਰ?

ਭੁੱਖਾ ਜੇ ਕਿਰਸਾਨ ਹੈ? ਭੁੱਖਾ ਜੇ ਮਜ਼ਦੂਰ!
ਅਸਲ ਅਜ਼ਾਦੀ ਕੈਲਵੀ ਕੋਹਾਂ ਹੈ ਫਿਰ ਦੂਰ!

ਲੋਕੀਂ ਆਪਣੀ ਗਰਜ਼ ਲਈ ਕਰਦੇ ਨੇ ਗੁਣਗਾਨ,
ਹਾਕਮ, ਜ਼ਾਲਿਮ ਚੰਦਰੇ ਕਾਤਿਲ ਮੂੜ੍ਹ ਸ਼ੈਤਾਨ!

ਆ ਗਏ ਨਵੇਂ ਮੰਤਰੀ ਬਦਲ ਗਈ ਸਰਕਾਰ!
ਡਾਂਗਾਂ ਖਾਂਦੇ ਕੈਲਵੀ ਗੱਭਰੂ ਬੇਰੁਜ਼ਗਾਰ!

ਚੁਣ ਨਾ ਆਗੂ ਕੈਲਵੀ ਜਿਸ ਦੀ ਮੱਤ ਮਲੀਨ
ਦੌਲਤ ਖਾਤਰ ਕੈਲਵੀ! ਵੇਚੇ ਆਪਣਾ ਦੀਨ।

ਜਿੱਥੇ ਹੁੰਦੀ ਏਕਤਾ ਓਥੇ ਤਾਕਤ, ਤਾਣ।
ਨਿਰਬਲ ਤਾਈਂ ਕੈਲਵੀ! ਮਿਲਦਾ ਕਦ ਹੈ ਮਾਣ?

ਜੇ ਲਿਖਣਾ ਹੈ ਕੈਲਵੀ! ਲਿਖ ਤੂੰ ਦਿਲ ਦਾ ਹਾਲ!
ਦੱਸ, ਕੀ ਹਾਲਤ ਦੇਸ਼ ਦੀ? ਵਿਗੜੀ ਲੱਗਦੀ ਚਾਲ।

**ਪੀ.ਈ.ਐਸ., ਜ਼ਿਲ੍ਹਾ ਸਿੱਖਿਆ ਦਫ਼ਤਰ ਅਫ਼ਸਰ (ਰਿਟਾ.)**
**ਅੰਮ੍ਰਿਤਸਰ**

◆◆◆



# ਸਮੀਖਿਆ

## ਆਰ ਕਿ ਪਾਰ (ਨਾਟਕ)

**ਲੇਖਕ : ਸਤਵਿੰਦਰ ਬੇਗੋਵਾਲੀਆ**

**ਪ੍ਰਕਾਸ਼ਕ : ਸੁੰਦਰ ਬੁੱਕ ਡਿਪੋ, ਜਲੰਧਰ**

**ਮੁੱਲ** : 160 **ਰੁਪਏ, ਸਫ਼ੇ** : 104

**ਸੰਪਰਕ** : 98154-65620

ਸਤਵਿੰਦਰ ਬੇਗੋਵਾਲੀਆ ਜਾਣਿਆ ਪਹਿਚਾਣਿਆ ਨਾਟਕਕਾਰ ਹੈ, ਜਿਸ ਦੇ ਛੇ ਸੱਤ ਨਾਟ-ਸੰਗ੍ਰਹਿ ਛਪ ਚੁੱਕੇ ਹਨ ਅਤੇ ਹੁਣ ਉਸ ਦਾ ਨਾਟਕ 'ਆਰ ਕਿ ਪਾਰ' ਸੁੰਦਰ ਬੁੱਕ ਡਿਪੋ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਦੁਨੀਆ ਦੀ ਚਕਾਚੌਂਧ ਨਾਲ ਜੁੜੀ ਮਨੁੱਖੀ ਮਾਨਸਿਕਤਾ ਦੇ ਆਧਾਰ 'ਤੇ ਨਾਟਕ 'ਆਰ ਕਿ ਪਾਰ' ਸਾਡੇ ਸਮਾਜ ਦਾ ਉਹ ਦ੍ਰਿਸ਼ ਪੇਸ਼ ਕਰਦਾ ਹੈ। ਜਿਸ ਵਿਚੋਂ ਕਿ ਪਦਾਰਥਵਾਦੀ ਸੋਚ ਦਾ ਝਲਕਾਰਾ ਸਾਹਮਣੇ ਆਉਂਦਾ ਹੈ। ਕਹਾਣੀ ਬੇਸ਼ੱਕ ਇਕ ਪਰਿਵਾਰ ਦੀ ਹੈ ਪਰ ਪਾਠਕ ਨਾਟਕ ਦਾ ਪਾਠ ਕਰਦਾ ਕਰਦਾ ਪਹਿਲਾਂ ਇਸ ਪਰਿਵਾਰ ਵਿਚ ਖ਼ੁਦ ਨੂੰ ਸ਼ਾਮਿਲ ਹੋਇਆ ਮਹਿਸੂਸ ਕਰਦਾ ਹੈ ਅਤੇ ਫਿਰ ਇਹ ਪਰਿਵਾਰ ਸਮਾਜ ਦਾ ਰੂਪ ਧਾਰ ਲੈਂਦਾ ਹੈ, ਕਿਉਂਕਿ ਪਰਿਵਾਰ ਤੋਂ ਬਾਹਰਲੇ ਪਾਤਰ ਭਾਵੇਂ ਉਹ ਰਿਸ਼ਤੇਦਾਰ ਹੋਣ, ਦੋਸਤ, ਹਕੀਮ, ਟਰੈਵਲ ਏਜੰਟ, ਆਂਢੀ-ਗੁਆਂਢੀ ਅਤੇ ਹੋਰ ਕੰਮ ਧੰਦਿਆਂ ਵਾਲੇ ਜਦੋਂ ਵਾਰਤਾਲਾਪ ਅਤੇ ਘਟਨਾਵਾਂ ਦਾ ਹਿੱਸਾ ਬਣਦੇ ਹਨ ਤਾਂ ਪਾਠਕ ਸਾਹਮਣੇ ਸਮੁੱਚੇ ਸਮਾਜ ਦਾ ਨਕਸ਼ਾ ਉੱਭਰਦਾ ਹੈ। ਭਾਵੇਂ ਹਾਲਾਤਵੱਸ, ਭਾਵੇਂ ਲਾਲਚਵੱਸ, ਪੁੱਤਰਾਂ ਨੂੰ ਬਾਹਰਲੇ ਮੁਲਕਾਂ ਵਿਚ ਭੇਜਣਾ ਆਮ ਜਿਹੀ ਗੱਲ ਹੈ। ਪਰਾਈ ਧਰਤੀ 'ਤੇ ਕੰਮ, ਮਿਹਨਤ, ਪੈਸਾ, ਐਸ਼ ਪ੍ਰਸਤੀ, ਸੁੱਖ ਸਾਧਨ ਸਭ ਕੁੱਝ ਹੈ, ਪਰ ਜਨਮ ਭੂਮੀ ਦੀ ਮਹਿਕ ਅਤੇ ਆਪਣਿਆਂ ਦਾ ਸੰਗ ਨਾ ਮਿਲਣ ਕਰਕੇ ਬੰਦੇ ਮਸ਼ੀਨ ਬਣ ਜਾਂਦੇ ਹਨ। ਮਸਲਾ ਉਦੋਂ ਖੜ੍ਹਾ ਹੁੰਦਾ ਹੈ । ਇਧਰ ਬੈਠੇ ਪੈਸਾ ਉਡੀਕਦੇ ਮਾਂ ਬਾਪ, ਭੈਣ-ਭਰਾ ਵੀ ਉਨ੍ਹਾਂ ਨੂੰ ਮਸ਼ੀਨ ਬਣਿਆ ਰਹਿਣ ਦੀਆਂ ਅਰਦਾਸਾਂ ਕਰਦੇ ਹਨ, ਪਰ ਇਹ ਮਸ਼ੀਨਾਂ ਅੰਦਰਲਾ ਲਾਵਾ ਕਦੇ ਨਾ ਕਦੇ ਤਾਂ ਫੁੱਟਦਾ ਹੀ ਹੈ।

ਸਤਵਿੰਦਰ ਬੇਗੋਵਾਲੀਆ ਦੇ ਇਸ ਨਾਟਕ ਦੀ ਪਾਤਰ ਕਮਲੇਸ਼ ਕੌਰ ਵੀ ਆਪਣੇ ਜਿਗਰ ਦੇ ਟੋਟਿਆਂ ਨੂੰ ਬੇਗਾਨੀ ਧਰਤੀ 'ਤੇ ਜਾ ਕੇ ਕਮਾਈਆਂ ਕਰਨ ਭੇਜਦੀ ਹੈ। ਭਾਵੇਂ ਲਾਲਚਵਸ ਹੀ ਸਹੀ, ਪਰ ਮਮਤਾ ਨੂੰ ਤਾਂ ਦੱਬ ਕੇ ਰੱਖਣਾ ਹੀ ਪੈਂਦਾ ਉਸ ਨੂੰ। ਪੁੱਤਰਾਂ ਦਾ

ਬਾਪ ਸੁਰਜੀਤ ਸਿੰਘ ਵੀ ਬੇਵਸ ਇਸ ਫੈਸਲੇ ਵਿਚ ਸ਼ਾਮਿਲ ਹੁੰਦਾ ਹੈ। ਇਸ ਤਰ੍ਹਾਂ ਲੁੱਟ-ਖਸੁੱਟ ਕਰਦੇ ਏਜੰਟ, ਬਾਬਿਆਂ, ਦਲਾਲਾਂ ਦੇ ਨਕਸ਼ ਵੀ ਹਾਲਾਤ ਦੀ ਜਕੜ ਵਿਚ ਆਏ ਮੱਧ ਪਰਿਵਾਰਾਂ ਦੀ ਲੁੱਟ ਦੇ ਦ੍ਰਿਸ਼ ਪਾਠਕ ਸਾਹਮਣੇ ਆਉਂਦੇ ਹਨ ਕਿ ਕਿਸ ਤਰ੍ਹਾਂ ਉਹ ਚੁਸਤੀਆਂ ਚਲਾਕੀਆਂ ਨਾਲ ਅਪਣੇ ਲੋਕਾਂ ਦੀਆਂ ਭਾਵਨਾਵਾਂ ਨੂੰ ਕੈਸ਼ ਕਰਦੇ ਹਨ। ਸਤਾਰਾਂ ਦ੍ਰਿਸ਼ਾਂ ਰਾਹੀਂ ਪੇਸ਼ ਹੁੰਦਾ ਇਹ ਨਾਟਕ ਪਾਠਕ ਨੂੰ ਹਰ ਦ੍ਰਿਸ਼ ਦੀ ਸਮਾਪਤੀ 'ਤੇ ਅਗਲੇ ਦ੍ਰਿਸ਼ ਲਈ ਉਤਸਕ ਕਰਦਾ ਹੈ, ਕਿਉਂਕਿ ਇਸ ਵਿਚਲੇ ਸਭ ਮਸਲੇ ਭਖਦੇ ਮਸਲੇ ਹਨ। ਸਮਾਜ ਵਿਚ ਵਾਪਰਦੇ ਆਮ ਵਰਤਾਰੇ ਹਨ ਜਿਨ੍ਹਾਂ ਨੂੰ ਮੱਧ ਵਰਗ ਪਿੰਡੇ 'ਤੇ ਹੰਢਾਅ ਰਿਹਾ ਹੈ। ਬਾਹਰਲੇ ਮੁਲਕਾਂ ਵਿਚ ਇਹ ਘਟਨਾਵਾਂ ਆਮ ਹਨ। ਮੁਹੱਬਤ ਦੇ ਰਸ ਤੋਂ ਬਿਨਾਂ ਦੇ ਬੰਧਨਾਂ ਵਿਚ ਗਰਜ਼ਾਂ ਲੁਕੀਆਂ ਹੁੰਦੀਆਂ ਹਨ। ਜਦੋਂ ਭਾਸ਼ਾ, ਵਿਰਸਾ, ਸੱਭਿਆਚਾਰ, ਰੀਤੀ ਰਿਵਾਜ ਦਾ ਵਖਰੇਵਾਂ ਦਿਨੋ-ਦਿਨ ਖੁਸ਼ਕੀ ਪੈਦਾ ਕਰਦਾ ਹੈ ਤਾਂ ਫਿਰ ਗੁਰਜ਼ਾਂ ਦੀਆਂ ਗੰਢਾਂ ਖੁੱਲ੍ਹ ਜਾਂਦੀਆਂ ਹਨ ਅਤੇ ਤੂੰ-ਤੂੰ ਕੌਣ, ਮੈਂ-ਮੈਂ ਕੌਣ ਹੋ ਜਾਂਦੀ ਹੈ। ਪਰ ਉਦੋਂ ਤੱਕ ਖੇਡ ਵਿਗੜ ਹੀ ਨਹੀਂ, ਸਗੋਂ ਖ਼ਤਮ ਹੋ ਚੁੱਕੀ ਹੁੰਦੀ ਹੈ। ਘੁੱਗ ਵਸਦੇ ਪਰਿਵਾਰਾਂ ਵਾਲੇ ਘਰਾਂ ਦੇ ਵਿਹੜਿਆਂ ਦੇ ਚੁੱਲ੍ਹਿਆਂ ਅੱਗ ਠੰਢੀ ਹੋ ਚੁੱਕੀ ਹੁੰਦੀ ਹੈ।

ਬੇਗੋਵਾਲੀਆ ਨੇ ਇਕੱਲੇ ਸੁਰਜੀਤ ਸਿੰਘ ਦੇ ਪਰਿਵਾਰ ਦੀ ਗੱਲ ਨਹੀਂ ਕੀਤੀ ਸਗੋਂ ਨਾਟਕ ਰਾਹੀਂ ਪੰਜਾਂ ਦਰਿਆਵਾਂ ਦੀ ਇਸ ਧਰਤੀ ਦੇ ਦੁਖਾਂਤ ਨੂੰ ਪੇਸ਼ ਕੀਤਾ ਕਿ ਸੰਭਲ ਜਾਓ ਜੇ ਹਵਾ ਏਹੀ ਰਹੀ ਤਾਂ ਤੁਹਾਡੀਆਂ ਕਬਰਾਂ ਦੇ ਦੀਵੇ ਜਗਾਉਣ ਵਾਲੇ ਨਹੀਂ ਰਹਿਣੇ।

**-ਨਿਰਮਲ ਜੌੜਾ**

**ਮੋਬਾਈਲ : 98140-78799**

◆◆◆

# ਰਿਪੋਰਟ

## ਡਾ. ਸਤੀਸ਼ ਕੁਮਾਰ ਵਰਮਾ ਖੋਜ ਪਰਿਵਾਰ ਦੀ ਮਿਲਣੀ ਸਬੰਧੀ ਰਿਪੋਰਟ

ਮਿਤੀ 4-9-2024 ਨੂੰ ਸਤੀਸ਼ ਕੁਮਾਰ ਵਰਮਾ ਖੋਜ ਪਰਿਵਾਰ ਵੱਲੋਂ ਪਰਿਵਾਰ ਦੇ ਸਰਪ੍ਰਸਤ, ਉਘੇ ਚਿੰਤਕ ਅਤੇ ਨਾਟਕਕਾਰ ਡਾ. ਸਤੀਸ਼ ਕੁਮਾਰ ਵਰਮਾ ਦਾ 70ਵਾਂ ਜਨਮ ਦਿਨ ਸਮਾਰੋਹ ਉੱਤਮ ਰੈਸਟੋਰੈਂਟ ਅਰਬਨ ਅਸਟੇਟ ਫੇਜ਼-2 (ਪਟਿਆਲਾ) ਵਿਖੇ



ਮਨਾਇਆ ਗਿਆ। ਉਨ੍ਹਾਂ ਦੇ ਜਨਮ ਦਿਹਾੜੇ ਉਪਰ ਡਾ. ਰਾਵੇਲ ਸਿੰਘ, ਡਾ. ਰਜਿੰਦਰਪਾਲ ਬਰਾੜ, ਚਰਨਜੀਤ ਕੌਰ ਬਰਾੜ, ਨਸੀਬ ਬਵੇਜਾ, ਕਿਰਪਾਲ ਕਜ਼ਾਕ ਤੋਂ ਇਲਾਵਾ ਉਨ੍ਹਾਂ ਦੇ 40 ਤੋਂ ਵੱਧ ਵਿਦਿਆਰਥੀ ਸ਼ਾਮਿਲ ਹੋਏ, ਉਨ੍ਹਾਂ ਦੇ ਜਨਮ ਦਿਨ 'ਤੇ ਕੇਕ ਕੱਟਣ ਤੋਂ ਬਾਅਦ ਆਈਆਂ ਵੱਖ-ਵੱਖ ਸ਼ਖਸ਼ੀਅਤਾਂ ਨੇ ਡਾ. ਵਰਮਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸਭ ਨੇ ਸਾਂਝੇ ਤੌਰ ਤੇ ਡਾ. ਸਤੀਸ਼ ਕੁਮਾਰ ਵਰਮਾ ਬਾਰੇ ਕਿਹਾ ਕਿ ਡਾ. ਸਤੀਸ਼ ਕੁਮਾਰ ਵਰਮਾ ਅਜੋਕੇ ਸਾਹਿਤ-ਜਗਤ ਵਿੱਚ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਅਤੇ ਨਾ ਹੀ ਇਨ੍ਹਾਂ ਦੀ ਬਹੁਪੱਖੀ ਪ੍ਰਤਿਭਾ ਕਾਰਨ ਇਨ੍ਹਾਂ ਨੂੰ ਇੱਕ ਖੇਤਰ ਤੱਕ ਸੀਮਿਤ ਕੀਤਾ ਜਾ ਸਕਦਾ ਹੈ। ਕਵਿਤਾ ਦੇ ਖੇਤਰ ਤੋਂ ਸ਼ੁਰੂਆਤ ਕਰਦੇ ਹੋਏ, ਨਾਟਕ ਰੰਗਮੰਚ ਦੇ ਖੇਤਰ ਵਿੱਚ ਪੈੜਾਂ ਪਾਉਣ ਦੇ ਨਾਲ-ਨਾਲ ਫ਼ਿਲਮਾਂ, ਟੈਲੀਵਿਜ਼ਨ ਅਤੇ ਰੇਡੀਓ ਆਦਿ 'ਤੇ ਵੀ ਆਪਣੀ ਪ੍ਰਤਿਭਾ ਦੀ ਛਾਪ ਛੱਡਣ ਵਾਲੇ ਡਾ. ਸਤੀਸ਼ ਕੁਮਾਰ ਵਰਮਾ ਅਜੋਕੇ ਸਮੇਂ ਵਿੱਚ ਆਪਣੀ ਵੱਖਰੀ ਪਛਾਣ ਨੂੰ ਕਾਇਮ ਰੱਖਦੇ ਹੋਏ ਇਨ੍ਹਾਂ ਵਿਭਿੰਨ ਖੇਤਰਾਂ ਵਿੱਚ ਕਾਰਜਸ਼ੀਲ ਹਨ। ਇਸ ਮੌਕੇ ਡਾ. ਕੁਲਦੀਪ ਸਿੰਘ ਦੀਪ ਦੁਆਰਾ ਲਿਖਿਆ ਡਾ. ਸਤੀਸ਼ ਕੁਮਾਰ ਦਾ ਸ਼ਬਦ ਚਿੱਤਰ ਡਾ. ਬਲਦੇਵ ਦੋਦੜਾ ਜੀ ਨੇ ਪੜ੍ਹਿਆ ਤੇ ਇਸ ਦੇ ਨਾਲ ਡਾ. ਸਤੀਸ਼ ਕੁਮਾਰ ਵਰਮਾ ਦੇ ਵਿਦਿਆਰਥੀਆਂ ਵਿਚੋਂ ਹਰਮਨ, ਡਾ. ਗੁਰਜੀਤ ਕੌਰ, ਸਤਪਾਲ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਡਾ. ਵਰਮਾ ਇਕ ਦਰਿਆ ਵਰਗੇ ਅਧਿਆਪਕ ਹਨ ਜੋ ਆਪਣੇ ਸ਼ਾਗਿਰਦਾਂ ਦੇ ਦਿਲਾਂ ਤੇ ਦਿਮਾਗ਼ਾਂ ਵਿੱਚ ਵਗਦਾ ਹੈ ਇਹ ਨਾ ਆਪ ਸੁੱਕਦਾ ਹੈ ਤੇ ਨਾ ਇਹਨਾਂ ਨਿੱਕੇ ਖਾਲਾਂ, ਸੂਇਆਂ ਤੇ ਨਦੀਆਂ ਨੂੰ ਸੁੱਕਣ ਦਿੰਦਾ ਹੈ। ਇਸ ਤਰ੍ਹਾਂ ਆਪਣੇ ਅਧਿਆਪਕ ਪ੍ਰਤੀ ਸਭ ਦੇ ਪਿਆਰ ਸੁਨੇਹ ਨੂੰ ਦੇਖਦੇ ਹੋਏ ਡਾ. ਵਰਮਾ ਨੇ ਆਪਣੇ ਜੀਵਨ ਵਿੱਚੋਂ ਨਿੱਕੀਆਂ-ਨਿੱਕੀਆਂ ਉਦਾਹਰਣਾਂ ਦੇ ਕੇ ਮੰਤਰਮੁਗਧ ਕੀਤਾ। ਅਖੀਰ ਵਿੱਚ ਡਾ. ਗੁਰਸੇਵਕ ਲੰਬੀ ਨੇ ਸਭ ਦਾ ਧੰਨਵਾਦ ਕੀਤਾ।

**ਡਾ. ਗੁਰਜੀਤ ਕੌਰ ਗੁਰੀ**

◆◆◆